ੴ

ਮਾਸਕ ਪੱਤਰ

# ਸੂਰਾ

ਅੰਮ੍ਰਿਤਸਰ

ਭਾ: ਸਾ: ਰਣਧੀਰ ਸਿੰਘ ਜੀ ਅਤੇ ਮਾਨਵਰ ਬਾਊ ਮੱਲ ਸਿੰਘ ਜੀ

AUG 1986



ਅਗਸਤ ੧੯੮੬

ਦੋਹਾਂ ਮਹਾਨ ਵਿਅਕਤੀਆਂ ਦੀ ਯਾਦ ਵਿਚ ਨਾਰੰਗਵਾਲ ਤੇ ਸ੍ਰੀ ਤਰਨਤਾਰਨ ਵਿਖੇ ਸਮਾਗਮ ਹੋਏ

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰਬਰ ੧/੭੦-੬੮-੨੧ ਮਿਤੀ ੧੭-੧੦-੬੮ ਅ. ਪ. ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬ੍ਰੇਰੀਆਂ ਲਈ ਪਰਵਾਨ ਹੈ।

# ਤ ਤ ਕ ਰਾ


| | | |
|---|---|---|
| ਦੁਧਾਰੇ ਖੰਡੇ ਵਾਲਾ ਖਾਲਸਈ ਨਵਖੰਡੀ ਝੰਡਾ | ੩ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਸਕੇਸ਼ ਇਸ਼ਨਾਨ | ੪ | ,, ,, ,, |
| ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ | ੧੦ | ਗਿਆਨੀ ਹਰਬੰਸ ਸਿੰਘ ਜੀ ਤੇਗ |
| ਹਉਮੈ ਕਿ ਸੁਆਰਥ | ੧੩ | ਪ੍ਰੋਫੈਸਰ ਸਾਹਿਬ ਸਿੰਘ ਜੀ ਡੀ.ਲਿਟ |
| ਗੁਰਮਤਿ ਤੇ ਗੁਰਸਿਖੀ | ੧੪ | ਪ੍ਰੋਫੈਸਰ ਦੀਵਾਨ ਸਿੰਘ ਜੀ |
| ਸੋ ਕਿਉ ਮੰਦਾ ਆਖੀਐ | ੧੫ | ਸ: ਸਵਰਨ ਸਿੰਘ ਜੀ |
| ਸੀ. ਆਰ. ਪੀ. ਦਾ ਘ੍ਰਿਣਤ ਰੋਲ ਅਤੇ ਪੁਲਸ-ਮੁਕਾਬਲੇ | ੧੯ | ਸ: ਹਰਬੀਰ ਸਿੰਘ ਜੀ ਭੰਵਰ |
| ਗ਼ਜ਼ਲ ...... ...... | ੨੩ | ਗਿਆਨੀ ਗੋਪਾਲ ਸਿੰਘ ਜੀ ਮਿੱਤਰ |
| ਸਿੰਘ ਸੂਰਿਆ ਗੁਰੂ ਕਾ ਸਿੰਘ ਬਣ ਕੇ (ਕਵਿਤਾ) | ੨੪ | ਭਾਈ ਜਗਜੀਤ ਸਿੰਘ ਜੀ |
| ਬਾਹਰਲੇ ਸਿਖ ਪ੍ਰੇਸ਼ਾਨ–ਧਮਕੀਆਂ ਭਰੀਆਂ ਚਿਠੀਆਂ | ੨੫ | ਰੋਜ਼ਾਨਾ ਅਜੀਤ |
| ਬੰਦ ਤੰਬੂ ਵਿਚਲਾ ਗੁਪਤ ਕੌਤਕ | ੨੮ | ਜੇ. ਪੀ. ਸੰਗਤ ਸਿੰਘ ਜੀ, ਬੰਬੇ |
| ਅਤਿਵਾਦੀਆਂ ਉਤੇ ਜੇਲ੍ਹਾਂ ਵਿਚ ਤਸ਼ੱਦਦ | ੨੯ | ਸ: ਹਰਵਿੰਦਰ ਸਿੰਘ ਖਾਲਸਾ |
| ਆਦਿ––ਵਿਸਮਾਦੁ | ੩੦ | ਗਿਆਨੀ ਹਰਬੰਸ ਸਿੰਘ ਜੀ |
| ਸਿੱਖਾਂ ਪ੍ਰਤੀ ਹਿੰਦੂ-ਬ੍ਰਾਹਮਣ-ਵਿਰੋਧੀ ਰੋਲ | ੩੩ | ਸ: ਨਰੈਣ ਸਿੰਘ ਜੀ ਐਮ. ਏ. |
| ਬਿਖਿਆ ਸਗਲੀ ਛਾਰੁ | ੩੭ | 'ਸੂਰਾ' ਪਰਵਾਰ |
| ਕਾਹਨੂੰ ਭਟਕੇਂ (ਕਵਿਤਾ) | ੪੧ | ਗਿ: ਕਰਮ ਸਿੰਘ ਜੀ ਭੰਡਾਰੀ |
| ਉਚਰਹੁ ਰਾਮ ਨਾਮੁ ਲਖ ਬਾਰੀ | ੪੨ | ਬੀਬੀ ਸਤਨਾਮ ਕੌਰ ਜੀ |


ਨੋਟ :—ਕੈਪਟਨ ਸਵਰਨ ਸਿੰਘ ਜੀ ਦੀ ਸਿਹਤ ਕਾਫ਼ੀ ਢਿਲੀ ਰਹਿਣ ਕਰਕੇ, ਉਨ੍ਹਾਂ ਦਾ ਲੇਖ ਐਤਕੀ ਵੀ ਨਹੀਂ ਪੁਜ ਸਕਿਆ।

## ਸੂਰਾ ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | |
|---|---|---|
| ਸ: ਅਮਰੀਕ ਸਿੰਘ ਇਬਰੀ (U. A. E.)... ... ... | 'ਸੂਰਾ' ਦੀ ਚੜ੍ਹਦੀ ਕਲਾ ਲਈ... ... ... | ੨੧-੦੦ |
| ਸ: ਜਰਨੈਲ ਸਿੰਘ ਸਪੁਤਰ ਸ: ਸੋਹਨ ਸਿੰਘ ਅੰਮ੍ਰਿਤਸਰ | ਸ: ਸੋਹਨ ਸਿੰਘ ਪਿਤਾ ਦੇ ਅੰਤਮ ਭੋਗ ਸਮੇਂ | ੧੦੧-੦੦ |
| ਸ: ਭਗਵਾਨ ਸਿੰਘ ਅੰਮ੍ਰਿਤਸਰ (ਪਿਤਾ ਸ: ਦੀਦਾਰ ਸਿੰਘ) | ਪੋਤਰੇ ਦੇ ਜਨਮ ਦਿਨ ਦੀ ਖੁਸ਼ੀ ਵਿਚ | ੨੫੧-੦੦ |
| ਭਾ: ਮੋਹਕਮ ਸਿੰਘ ਕਵੈਤ | ਵਧੇ ਡਾਕ ਰੇਟਾਂ/ਚੰਦਿਆਂ ਵੱਜੋਂ ਸਹਾਇਤਾ | ੬੦੦-੦੦ |

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੪.੮.੮੯ ਨੂੰ ਪ੍ਰਕਾਸ਼ਤ ਕੀਤਾ।

**ਟੈਲੀਫ਼ੋਨ ਨੰਬਰ** : 51847 **ਘਰ** 43094

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥




**ਸਾਲਾਨਾ ਚੰਦਾ**

| | |
|---|---|
| ਦੇਸ | ੧੫-੦੦ |
| ਇਕ ਪਰਚਾ | ੧-੫੦ |

**ਪਰਦੇਸ (ਸਾਰੇ ਦੇਸ)**
**ਸਾਲਾਨਾ ਚੰਦਾ**

| | |
|---|---|
| ਸਮੁੰਦਰੀ ਡਾਕ | ੪੦-੦੦ |
| ਹਵਾਈ ਡਾਕ | ੧੦੦-੦੦ |

**ਅਮਾਨਤੀ**
**ਲਾਈਫ ਮੈਂਬਰ**

| | |
|---|---|
| ਦੇਸ | ੧੫੦-੦੦ |
| ਪਰਦੇਸ (ਸਾਰੇ ਦੇਸ) | |
| ਸਮੁੰਦਰੀ ਡਾਕ | ੪੦੦-੦੦ |
| ਹਵਾਈ ਡਾਕ | ੧੦੦੦-੦੦ |

**ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ**

ਜਿਲਦ ੨੦ ਅਗਸਤ ੧੯੮੯ ਅੰਕ ੮

# ਦੁਧਾਰੇ ਖੰਡੇ ਵਾਲਾ ਖਾਲਸਈ ਨਵਖੰਡੀ ਝੰਡਾ

ਸਾਹਿਬ ਕਮਾਲ ਨਿਰੰਕਾਰ ਗੁਰੂ ਸਾਹਿਬ ਨੇ, ਗੁਰੂ ਅਵਤਾਰੀ ਧੁਰ ਅਰਸ਼ਾਰੀ, ਧੁਰ ਦਰਬਾਰੀ, ਗੁਰੂ ਸਾਹਿਬ ਨੇ ਧੁਰ-ਧੁਰੰਧਰੀ ਜੈ-ਬਿਜੈ-ਨਿਸ਼ਾਨੀ ਨਿਰੰਕਾਰੀ ਝੰਡਾ ਝੁਲਾਇਆ। ਖਾਲਸਾ ਪੰਥ ਦੀ ਅਬਚਲ ਨੀਂਹ ਕਾਇਮ ਰਖਣ ਲਈ ਨਾਮ-ਖੜਗੇਸ਼ੀ ਤੇ ਬੀਰਤਾ ਮੁਕਤੇਸ਼ੀ ਦੋ ਧਾਰਾਂ ਵਾਲੇ ਖੰਡੇ ਦੇ ਨਾਲ ਚਕ੍ਰਵਰਤੀ ਰਾਜ ਦਾ ਠਹਿਰਾਨ ਠਹਿਰਾਇਆ, ਜਿਥੇ ਗੁਰੂ ਬਾਬੇ ਨਾਨਕ ਨੇ ਨਵਾਂ ਖੰਡਾਂ ਵਿਚ ਹਲੇਮੀ ਰਾਜ ਪੱਕਾ ਕਰਨ ਦਾ ਧੁਰਵਾ ਵੀ ਬੰਨ੍ਹਿਆ। ਇਸੇ ਕਰਕੇ ਹੀ ਖਾਲਸਈ ਅਕਾਲੀ ਝੰਡਾ ਨਵਖੰਡੀ ਫਹਿਰਕੇ ਵਾਲਾ ਝੰਡਾ ਹੈ। ਫਹਿਰਕੇ ਦੇ ਬਸੰਤੀ ਤੇ ਸੁਰਮਈ ਰੰਗ ਦੇ ਝੁਲਾਰੇ ਪ੍ਰਮਾਰਥੀ ਅਤੇ ਸੂਰਮਤਾਈ ਜੈ-ਬਿਜੈ ਦੇ ਸੰਬੰਧਕ ਹਨ। ਇਹ ਖਾਲਸਈ ਝੰਡਾ ਹੈ ਕਿ ਦੀਨ ਦੁਨੀਆ ਦੀ ਧੁਜਾ ਹੈ।

ਸ੍ਰੀ ਗੁਰੂ ਸਾਹਿਬ ਜੀ ਦਾ ਹੁਕਮ-ਨਿਸ਼ਾਨੀ ਹੋਣ ਕਰਕੇ ਇਸ ਝੰਡੇ ਦਾ ਨਾਮ 'ਨਿਸ਼ਾਨ ਸਾਹਿਬ' ਹੈ। ਸਾਹਿਬ ਗੁਰੂ ਅਕਾਲ ਦਾ ਜੋ ਨਿਸ਼ਾਨੁ, ਸੋ ਕਹੀਏ ਨਿਸ਼ਾਨ ਸਾਹਿਬ। ਇਸੇ ਨੇ ਹੀ ਜੁਗੋ ਜੁਗ ਅਟੱਲ ਰਹਿਣਾ ਹੈ ਅਤੇ ਅਟੱਲਤਾ ਸਹਿਤ ਸਾਰੇ ਜਹਾਨ ਤੇ ਝੁਲਣਾ ਹੈ। ਇਹ ਸਾਰੇ ਹੀ ਜਹਾਨ ਦਾ ਸਾਂਝਾ ਜੈ-ਬਿਜਈ ਝੰਡਾ ਨਿਸ਼ਾਨ ਸਾਹਿਬ ਹੈ। ਸ੍ਰੀ ਅਕਾਲ ਤਖ਼ਤ ਸਾਹਿਬ ਤੇ ਸ੍ਰੀ ਸਚਖੰਡੀ ਹਰਿਮੰਦਰ ਸਾਹਿਬ ਦੇ ਵਿਚਕਾਰ ਤੇ ਸਨਮੁਖ "ਗਡ ਥੰਮ੍ਹ ਅਹਲੈ" ਹੋਣ ਕਰਕੇ ਇਹ ਖਾਲਸਾ ਜੀ ਦੀ ਮੀਰੀ ਤੇ ਪੀਰੀ ਦਾ ਤੇ "ਦੀਨ ਦੁਨੀਆ ਦੀ ਸਾਹਿਬੀ" ਦਾ ਸੱਚਾ ਪਾਤਿਸ਼ਾਹੀ ਨਿਸ਼ਾਨ ਸਾਹਿਬ ਹੈ। ਇਸ ਖਾਲਸਈ ਨਿਸ਼ਾਨ ਸਾਹਿਬ ਦੇ ਸਿਰਮੌਰੀ ਖੰਡੇ ਦੀਆਂ ਦੋਈ ਧਾਰਾਂ, ਦੋ ਜਹਾਨਾਂ ਦੇ ਸਰ ਕਰਨ ਲਈ ਚੜ੍ਹਦੀ ਕਲਾ ਦੀਆਂ ਲਖਾਇਕ ਹਨ।

[ਭਾ: ਸਾ: ਭਾਈ ਰਣਧੀਰ ਸਿੰਘ ਲਿਖਤ 'ਗੁਰਮਤਿ ਲੇਖ' ਚੋਂ



www.AKJ.Org

# ਸਕੇਸ਼ ਇਸ਼ਨਾਨ

[ਗੁਰਪੁਰ ਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਕਈ ਸਜਣ ਇਹ ਸਵਾਲ ਉਠਾਉਂਦੇ ਹਨ ਕਿ ਭਲਾ ਜੀ ਸਰੀਰ ਦਾ ਇਸ਼ਨਾਨ ਨੇਮ ਤਾਂ ਹੋਇਆ, ਕੀ ਸਕੇਸ਼ ਇਸ਼ਨਾਨ ਦੇ ਨਿਯਮ ਪੂਰਬਕ ਨਿਭਾਉਣ ਦਾ ਭੀ ਹੁਕਮ ਹੈ ? ਇਸ਼ਨਾਨ ਦਾ ਸਿਧਾ ਪਧਰਾ ਸਪਸ਼ਟ ਉਤਰ ਤਾਂ ਏਹ ਹੈ ਕਿ ਜਦ ਸਰੀਰਕ ਇਸ਼ਨਾਨ ਦਾ ਹੁਕਮ ਹੋਣਾ ਗੁਰਮਤਿ ਅਨੁਸਾਰ ਮੰਨਿਆ ਗਇਆ ਤਾਂ ਸਕੇਸ਼ ਇਸ਼ਨਾਨ ਤਾਂ ਆਪੇ ਸਿਧ ਹੋ ਗਿਆ, ਕਿਉਂਕਿ ਸਰੀਰ ਦਾ ਸ਼ਿਰੋਮਣੀ ਹਿੱਸਾ ਤਾਂ ਸੀਸ ਹੀ ਹੈ। ਜਦ ਸੀਸ ਦਾ ਇਸ਼ਨਾਨ ਨ ਹੋਇਆ ਤਾਂ ਸ੍ਰੀਰਕ ਇਸ਼ਨਾਨ ਅਧੂਰਾ ਹੈ। ਪੂਰਾ ਇਸ਼ਨਾਨ ਸੀਸ ਦੇ ਇਸ਼ਨਾਨ ਸੰਯੁਕਤ ਹੈ । ਜਦ ਸੀਸ ਇਸ਼ਨਾਨ ਬਿਨਾਂ ਪੂਰਾ ਇਸ਼ਨਾਨ ਬਣਦਾ ਹੀ ਨਹੀਂ ਤਾਂ ਸੀਸ ਦਾ ਇਸ਼ਨਾਨ ਪਰਮ ਜ਼ਰੂਰੀ ਇਸ਼ਨਾਨ ਹੈ। ਤੇ ਜਦ ਸੀਸ ਦਾ ਇਸ਼ਨਾਨ ਸਿੱਧ ਹੋ ਗਿਆ ਤਾਂ ਸਕੇਸ਼ ਇਸ਼ਨਾਨ ਆਪੇ ਸਿਧ ਹੋ ਗਿਆ, ਕਿਉਂਕਿ ਕੇਸਾਂ ਦੇ ਇਸ਼ਨਾਨ ਕੀਤੇ ਬਿਨਾਂ ਸੀਸ ਦਾ ਇਸ਼ਨਾਨ ਬਣਦਾ ਹੀ ਨਹੀਂ। ਦੂਸਰੇ ਚੈਤੰਨਤਾ ਪੂਰਤ ਪੂਰਨ ਸਾਵਧਾਨਤਾ ਸਕੇਸ਼ ਇਸ਼ਨਾਨ ਦੁਆਰਾ ਹੀ ਪ੍ਰਾਪਤ ਹੋ ਸਕਦੀ ਹੈ। ਸਕੇਸ਼ ਇਸ਼ਨਾਨ ਦੇ ਲਹਿਰੇ ਅਨੰਦ ਦਾ ਅਨਭਵ ਅਭਿਆਸੀ ਜਨ ਹੀ ਕਰ ਸਕਦੇ ਹਨ, ਅਤੇ ਓਹੀ ਇਸਦੀ ਕਦਰ ਪਛਾਣ ਸਕਦੇ ਹਨ। ਓਹਨਾਂ ਨੂੰ ਕੀ ਕਦਰ ਜੇਹੜੇ ਇਸ਼ਨਾਨ ਨੂੰ ਤਤੱਖਸ਼ਾ ਸਮਝਦੇ ਹਨ? ਓਹਨਾਂ ਨੂੰ ਕੀ ਕਦਰ ਜਿਨ੍ਹਾਂ ਨੂੰ ਇਸ਼ਨਾਨ ਬਿਬੇਕ ਰੂਪੀ ਹੁਕਮ ਦੇ ਕਮਾਵਣ ਦੀ ਪ੍ਰਵਾਹ ਹੀ ਨਹੀਂ ? ਓਹਨਾਂ ਨੂੰ ਕੀ ਕਦਰ ਜੇਹੜੇ ਇਸ਼ਨਾਨ ਨੂੰ ਨਾਮ ਦਾ ਸਹਾਈ ਰੂਪ ਸਾਧਨ ਸੰਪੰਨ ਕਰਮ ਬਿਬੇਕੀ ਅੰਗ ਨਹੀਂ ਜਾਣਦੇ ? ਓਹਨਾਂ ਨੂੰ ਕੀ ਕਦਰ ਜਿਨ੍ਹਾਂ ਨੂੰ ਨਾਮ ਦੀਆਂ ਉਚੀਆਂ ਆਤਮ ਅਟਾਰੀਆਂ ਵਿਖੇ ਖੇਲਣ ਦੀ ਤਾਂਘ ਲਗਨ ਨਹੀਂ ? ਜਿਨ੍ਹਾਂ ਨੂੰ ਇਹ ਸਚੀ ਲਗਨ ਹੈ, ਓਹਨਾਂ ਨੂੰ ਹੀ ਇਸ ਇਸ਼ਨਾਨ, ਸਕੇਸ਼ ਇਸ਼ਨਾਨ ਦੀ ਕਦਰ ਹੈ। ਜਿਨ੍ਹਾਂ ਦੀ ਲਗਨ ਪ੍ਰੀਤਮ ਰਾਉ ਦੇ ਮਿਲਣ ਦੀ ਅਤਿ ਪ੍ਰਬਲ ਹੈ, ਓਹ ਕੀ ਕੀ ਪ੍ਰੇਮ ਅਡੰਬਰੀ ਸੀਗਾਰ ਨਹੀਂ ਕਰਦੇ। ਜਿਨ੍ਹਾਂ ਨੂੰ ਸਚੀ ਲਗਨ ਲਗੀ ਹੈ, ਓਹ ਭੈ ਭਾਵਨੀ ਸਹਿਤ ਸੋਈ ਸੋਈ ਸੰਜਮ ਸੀਗਾਰ ਕਰਨਗੇ ਜੋਈ ਜੋਈ ਗੁਰਮਤਿ ਅੰਦਰ ਦਰਸਾਏ ਫੁਰਮਾਏ ਹੁਕਮਾਏ ਗਏ ਹਨ। ਓਹਨਾਂ ਲਈ ਏਹ ਸੀਗਾਰ ਬੰਧਨ ਰੂਪ ਨਹੀਂ। ਬੰਧਨ ਰੂਪ ਓਹਨਾਂ ਲਈ ਹਨ, ਜੋ ਬਧੇ ਚੱਟੀ ਭਰਦੇ ਹਨ ਅਤੇ ਜੋ ਬਧੇ ਚਟੀ ਭਰਦੇ ਹਨ ਓਹਨਾਂ ਲਈ ਉਕਤ ਸੀਗਾਰ ਗੁਣਕਾਰੀ ਨਹੀਂ। ਯਥਾ ਗੁਰਵਾਕ :

ਬਧਾ ਚਟੀ ਜੋ ਭਰੇ ਨਾ ਗੁਣੁ ਨਾ ਉਪਕਾਰੁ ॥
ਸੇਤੀ ਖੁਸੀ ਸਵਾਰੀਐ ਨਾਨਕ ਕਾਰਜੁ ਸਾਰੁ ॥੩॥੭॥ [ਵਾਰ ਸੂਹੀ, ਮ: ੨, ਪੰਨਾ ੭੮੭

ਅਤੇ ਜੋ ਖ਼ੁਸ਼ੀ ਸੇਤੀ ਗੁਰੂ ਦੇ ਹੁਕਮਾਂ ਦੀ ਕਾਰ ਕਮਾਉਂਦੇ ਹਨ, ਓਹਨਾਂ ਨੂੰ ਸਚਾ ਪ੍ਰੇਮ ਪਿਆਰ ਹੁੰਦਾ ਹੈ। ਇਸ ਪ੍ਰੇਮ ਪਿਆਰ ਦੇ ਬੱਧੇ ਹੋਏ ਹਰ ਪ੍ਰਕਾਰ ਦੇ ਸੀਗਾਰ ਕਰਨ ਨੂੰ ਤਿਆਰ ਰਹਿੰਦੇ ਹਨ। ਭਾਵੇਂ ਕਿਤਨੀ ਭੀ ਕਠਨ ਕਾਰ ਹੋਵੇ, ਪਰ ਹੋਵੇ ਗੁਰ ਕੀ ਕਾਰ, ਗੁਰੂ ਦੇ ਹੁਕਮੀ ਬੰਦੇ ਹੁੰਦੇ ਹੋਏ ਕਠਨ ਤੋਂ ਕਠਨ ਕਾਰ ਗੁਰੂ ਕੀ ਕਮਾਵਣਗੇ। ਪ੍ਰੇਮ-ਮਾਰਗੀਆਂ ਨੂੰ ਇਸ਼ਨਾਨ, ਸਕੇਸ਼ ਇਸ਼ਨਾਨ ਦੀ ਸੀਗਾਰ ਕਾਰ ਕੋਈ ਬਿਖਮ ਨਹੀਂ। ਹਾਂ ! ਸ੍ਰੀਰਕ ਸੁਖਾਂ ਵਿਚ ਪਏ ਹੋਏ ਸੁਖ-ਰਹਿਣੀ ਰਹਿਤ ਦੇ ਆਦੀ ਹੋ ਚੁਕੇ ਬਹਿਬਤੀਆਂ ਲਈ ਇਹ ਇਸ਼ਨਾਨ, ਸਕੇਸ਼ ਇਸ਼ਨਾਨ ਇਕ ਬੜੀ ਭਾਰੀ ਮੁਸੀਬਤ ਵਿਚ ਪੈਣਾ ਹੈ। ਉਹਨਾਂ ਦੀ ਆਦਤ ਬਹਿਬਤ ਹ ਚੁੱਕੀ ਹੈ ਮਨ ਨੂੰ ਸੁਖਾਂਦੀ, ਸਰੀਰ ਨੂੰ ਸੁਖਾਂਦੀ ਰਹਿਤ ਵਿਚ ਰਹਿਣਾ। ਸੋ ਇਸ ਸੁਖ ਰਹਿਣੀ ਬਹਿਬਤ ਨੂੰ ਹੀ ਓਹ ਆਪਣਾ ਅਸੂਲ ਬਣਾ ਲੈਂਦੇ ਹਨ ਅਤੇ ਗੁਰਮਤਿ ਅਸੂਲ ਨੂੰ ਆਪਣੀ ਮਨ ਦੀ ਮਤਿ ਦੇ ਸੰਚੇ ਵਿਚ ਢਾਲਣ ਦਾ ਬਿਰਥਾ ਯਤਨ ਕਰਨ ਲਗ ਪੈਂਦੇ ਹਨ। ਜੇ ਕੋਈ ਸਿਖ ਕਿਸੇ ਗੁਰਮਤਿ ਅਸੂਲ ਉਤੇ ਚਲ ਨਹੀਂ ਸਕਦਾ, ਅਥਵਾ, ਚਲਣ ਦੀ ਸਮਰੱਥਾ ਨਹੀਂ ਰਖਦਾ ਤਾਂ ਓਹ ਇਸ ਨੂੰ ਆਪਣੀ ਕਮਜ਼ੋਰੀ ਮੰਨੇ, ਨਾ ਕਿ ਅਸੂਲ ਨਾਲ ਹੀ ਆਢਾ ਬੰਨ੍ਹ ਬੈਠੇ ਅਤੇ ਮਨ-ਮੰਨੇ ਹਮਲੇ (attack) ਗੁਰਮਤਿ ਅਸੂਲ ਉਤੇ ਕਰੀ ਜਾਵੇ। ਕਈ ਮਨਮਤੀਏ ਆਖਿਆ ਕਰਦੇ ਹਨ ਕਿ ਧਾਰਮਕ ਅਸੂਲ ਓਹ ਹੋਣੇ ਚਾਹੀਦੇ ਹਨ ਜਿਨ੍ਹਾਂ ਉਤੇ ਪ੍ਰਾਣੀ ਮਾਤਰ ਚਲ ਸਕੇ। ਜਿਨ੍ਹਾਂ ਅਸੂਲਾਂ ਤੇ ਹਰ ਕੋਈ ਚਲ ਨਹੀਂ ਸਕਦਾ ਓਹ ਅਸੂਲ ਹੀ ਧਾਰਨ



www.AKJ.Org

ਕਰਨ ਯੋਗ ਨਹੀਂ। ਦੇਖੋ ਕੈਸੀ ਕੋੜੀ ਕਸੌਟੀ ਹੈ ਧਾਰਮਕ ਅਸੂਲਾਂ ਦੇ ਪਰਖਣ ਦੀ। ਇਸ ਦਾ ਤਾਂ ਇਹ ਭਾਵ ਹੈ ਕਿ ਜਿੰਨੀਆਂ ਮਨ ਦੀਆਂ ਮਤਾਂ ਉਤਨੇ ਹੀ ਅਸੂਲ ਹੋਣੇ ਚਾਹੀਦੇ ਹਨ, ਤਦ ਤਾਂ ਅਸੂਲ ਕੋਈ ਰਿਹਾ ਹੀ ਨਾ। ਮਨ ਦੀਆਂ ਮਤਾਂ ਹੀ ਰਹਿ ਗਈਆਂ। ਜਿਹੀ ਕਿਸੇ ਦੇ ਮਨ ਦੀ ਮਤ ਤਿਹਾ ਉਸਦਾ ਅਸੂਲ। ਮਨ ਦੀ ਮਤਿ ਦੇ ਮਗਰ ਲਗ ਕੇ ਨਿਸਤਾਰਾ, ਪਾਰ-ਉਤਾਰਾ ਹੋਣੋਂ ਰਿਹਾ। ਮਨ ਕੀ ਮਤੀ ਖਿੰਡੀਆਂ ਤਾਂ ਸੰਸਾਰ ਵਿਖੇ ਹਨੇਰ ਗਰਦੀ ਛਾਈ। ਇਸ ਹਨੇਰ ਗੁਬਾਰ ਨੂੰ ਚਾਨਣਾ ਮਿਲੇ ਤਾਂ ਕਿਵੇਂ ਮਿਲੇ ? ਚਾਨਣ ਦੇ ਚਸ਼ਮੇ ਜੋਤਿ ਨਿਰੰਜਨੀ ਤੋਂ, ਜਿਸ ਨੇ ਨਿਰੰਕਾਰ ਦੇ ਨੂਰੀ ਦੇਸ਼ ਚੋਂ ਆ ਕੇ, ਪ੍ਰਗਟ ਹੋ ਕੇ ਸਾਡੇ ਸਮੀਪ ਤੇ ਸਮੀਪ ਆ ਕੇ, ਅਸਾਡੇ ਵਿਚ ਰਹਿ ਕੇ, ਅਤੇ ਅਸਾਡੇ ਵਰਗੇ ਹੋ ਕੇ, ਅਰਥਾਤ ਸਾਡੇ ਵਰਗੇ ਜਾਮੇ ਵਾਲੇ ਹੋ ਕੇ, ਅਸਾਨੂੰ ਅਰਸ਼ੀ ਅਸੂਲਾਂ ਦਾ ਜਾਗਤ ਜੋਤਿ ਵਿਚ ਜਗੰਦਾ ਸੁਮਾਰਗ ਦਸਿਆ। ਹੁਣ ਓਹਨਾਂ ਅਸੂਲਾਂ ਤੋਂ ਬੇਮੁਖ ਹੋ ਜਾਣਾ ਅਸਾਡੀ ਕਿਤਨੀ ਕੁ ਅਕ੍ਰਿਤਘਣਤਾ ਹੈ।

ਇਕ ਇਸ਼ਨਾਨ, ਸਕੇਸ਼ ਇਸ਼ਨਾਨ ਦਾ ਅਸੂਲ ਕੀ ? ਅਸਾਨੂੰ ਗੁਰ ਦਰਸਾਏ ਇਸ ਤੋਂ ਭੀ ਅਧਿਕ ਬਿਖਮ ਅਸੂਲਾਂ, ਨਹੀਂ ਨਹੀਂ, ਇਕ ਇਕ ਅਸੂਲ ਤੇ ਚਲਣਾ ਪਏਗਾ। ਤਾਂ ਹੀ ਤੇ ਅਸੀਂ ਸੁਚਿਆਰ ਸਿਖ, ਗੁਰੂ ਕੇ ਆਗਿਆਕਾਰ ਸਿਖ, ਗੁਰੂ ਦਰਸਾਈ ਰਹਿਣੀ ਦੇ ਧਾਰਨਹਾਰ ਸਿਖ ਬਿਬੇਕੀ ਕਹਾ ਸਕਾਂਗੇ। ਸਿਖ ਦਾ ਨਾਮ ਹੀ ਦਸਦਾ ਹੈ ਕਿ ਗੁਰੂ ਦੀ ਸਿਖ ਮਤ (ਸਿਖਿਆ) ਨੂੰ ਸਿਖਣਹਾਰ ਜੋ ਹੈ ਸੋਈ ਸਿੱਖ ਹੈ, ਅਤੇ ਏਹੀ 'ਸਿਖੀ ਸਿਖਿਆ ਗੁਰ ਵੀਚਾਰ' ਦਾ ਭਾਵ ਹੈ। ਸਿਖੀ ਸਿਖਿਆ ਦੇ ਬਿਬੇਕ ਬੀਚਾਰ ਨੂੰ ਜਿਸ ਨੇ ਨਹੀਂ ਕਮਾਇਆ, ਪਰ ਕਮਾਉਣਾ ਸਿਖਦਾ ਹੈ, ਤਿਸ ਸਿਖਣਹਾਰ ਦਾ ਨਾਉਂ ਭੀ ਸਿਖ ਹੈ। ਪ੍ਰੰਤੂ ਜਿਸ ਸਿਖ ਨੇ ਸਿਖਿਆ ਨੂੰ ਕਮਾਇਆ ਹੈ, ਸੁਚਿਆਰ ਸਿਖ ਓਹੀ ਹੈ। ਗੁਰਸਿੱਖੀ ਦੇ ਸਿਖਣਹਾਰ ਸਿੱਖ ਨੂੰ ਚਾਹੀਦਾ ਹੈ ਕਿ ਕਮਾਈ ਵਾਲੇ ਸੁਚਿਆਰ ਸਿਖ ਦੀ ਕਮਾਈ ਦੀ ਕਦਰ ਕਰਦਾ ਹੋਇਆ ਉਸ ਦੇ ਪੂਰਨਿਆਂ ਉਤੇ ਚਲਣ ਦਾ ਯਤਨ ਕਰੇ, ਨਾ ਕਿ ਉਲਟੀਆਂ ਨਘੋਚਾਂ ਕਢੇ, ਅਤੇ ਗੁਰਸਿਖੀ ਦੇ ਗੁਰਮਤਿ ਅਸੂਲਾਂ ਉਤੇ (ਜਿਨ੍ਹਾਂ ਨੂੰ ਉਹ ਕਮਾ ਨਹੀਂ ਸਕਿਆ) ਕੁਤਰਕਾਂ ਕਰੇ। ਜੇ ਕੋਈ ਸਿਖ ਕਿਸੇ ਕਮਜ਼ੋਰੀ ਦੇ ਕਾਰਨ ਅਜੇ ਸਕੇਸ-ਇਸ਼ਨਾਨ ਦੇ ਗੁਰਮਤਿ ਅਸੂਲ ਉਤੇ ਚਲ ਨਹੀਂ ਸਕਦਾ ਤਾਂ ਅਸੂਲ ਨੂੰ ਤਾਂ ਮੰਨੇ ਅਤੇ ਆਪਣੀ ਕਮਜ਼ੋਰੀ ਨੂੰ ਮੰਨੇ, ਨਾ ਕਿ ਸਕੇਸ਼ ਇਸ਼ਨਾਨ ਕਰਨਹਾਰੇ, ਸਕੇਸ਼ ਇਸ਼ਨਾਨ ਦੇ ਗੁਰਮਤਿ ਅਸੂਲ ਨੂੰ ਮੰਨਣ ਕਮਾਵਣਹਾਰੇ ਸੁਚਿਆਰ ਸਿਖਾਂ ਉਤੇ ਮਨ-ਮੰਨੀਆਂ ਕੁਤਰਕਾਂ ਕਰੇ। ਅਤੇ ਸਕੇਸ਼ ਇਸ਼ਨਾਨ ਦੇ ਅਸੂਲ ਉਤੇ ਚਲਣਹਾਰੇ ਸੁਚਿਆਰ ਸਿਖ ਦਾ ਪਰਮ ਧਰਮ ਹੈ ਕਿ ਆਪਣੀ ਕਮਾਈ ਦਾ, ਅਸੂਲ ਕਮਾਈ ਦਾ, ਬਿਬੇਕ ਕਮਾਈ ਦਾ ਰੰਚਕ ਮਾਤ੍ਰ ਭੀ ਸੂਖਮ ਤੋਂ ਸੂਖਮ ਅਹੰਕਾਰ ਨਾ ਕਰੇ ਅਤੇ ਸਕੇਸ਼ ਇਸ਼ਨਾਨ ਦੇ ਨਾ ਧਾਰਨ ਕਰ ਸਕਣ ਵਾਲੇ ਸਿਖ ਨੂੰ ਭੀ ਆਪਣਾ ਸਿਖ ਵੀਰ ਸਮਝੇ ਤੇ ਰੰਚਕ ਭੀ ਨਫ਼ਰਤ (ਘਿਰਣਾ) ਦੀ ਨਜ਼ਰ ਨਾਲ ਉਸ ਨੂੰ ਨਾ ਦੇਖੇ। ਸਗੋਂ ਹਿਤਕਾਰ ਪਿਆਰ ਨਾਲ ਪ੍ਰੀਤੀ-ਪ੍ਰੇਰਨਾ ਕਰਦਾ ਹੋਇਆ ਆਪਣੀ ਸੁਚਿਆਰਤਾ ਦੇ ਪੂਰਨੇ ਪਾਉਂਦਾ ਰਹੇ। ਅਸਲ ਵਿਚ ਸਕੇਸ਼ ਇਸ਼ਨਾਨ ਦੇ ਵਿਰੁੱਧ ਕੋਈ ਸਿਖ ਨਹੀਂ, ਸਭ ਕੇਸੀ ਇਸ਼ਨਾਨ ਕਰਦੇ ਹਨ। ਕੋਈ ਸਪਤਾਹਕ ਕੇਸੀ ਇਸ਼ਨਾਨ ਕਰਦਾ ਹੈ, ਕੋਈ ਸਪਤਾਹ ਅੰਦਰ ਦੋ ਵਾਰ। ਇਤਨਾ ਹੈ, ਨਿਤ ਨਿਯਮ ਅਨੁਸਾਰ ਨਿਤਪ੍ਰਤਿ ਕਰਨ ਵਾਲੇ ਵਿਰਲੇ ਥੋੜੇ ਹਨ। ਇਹ ਹੋਰ ਗੱਲ ਹੈ ਕਿ ਕਾਰੀ ਵਿਹਾਰੀ ਸਜਣਾਂ ਨੂੰ ਵੇਹਲ ਨਾ ਮਿਲਣ ਕਰਕੇ ਰੋਜ਼ ਕੇਸੀ ਇਸ਼ਨਾਨ ਨਾ ਹੋ ਸਕਦਾ ਹੋਵੇ, ਪ੍ਰੰਤੂ ਵਾਸਤਵ ਵਿਚ ਓਹ ਸਕੇਸ਼ ਇਸ਼ਨਾਨ ਦੇ ਵਿਰੋਧੀ ਨਹੀਂ। ਤਾਂ ਤੇ ਉਹਨਾਂ ਵੀਰਾਂ ਨੂੰ ਘਿਰਣਾ ਨਾਲ ਕਿਉਂ ਦੇਖਣਾ, ਅਤੇ ਓਹਨਾਂ ਨੂੰ ਤੁੱਖਣੇ ਮੇਹਣੇ ਕਿਉਂ ਦੇਣੇ। ਸਕੇਸ਼ ਇਸ਼ਨਾਨ ਦੇ ਨਿਤਨੇਮੀ ਹੋ ਕੇ ਜੋ ਇਸ ਪ੍ਰਕਾਰ ਦੀ ਹਕਾਰਤ ਵਾਲੀ ਨਿਗਾਹ ਆਪਣੇ ਵੀਰ ਭਰਾਵਾਂ ਨਾਲ ਰਖਦੇ ਹਨ ਓਹਨਾਂ ਨੂੰ ਆਪਣੀ ਨਿਜ ਕਿਰਿਆ ਦਾ ਸੂਖਸ਼ਮ ਅਹੰਕਾਰ ਬਫਾਵਾ ਹੋ ਗਿਆ ਹੋਣਾ ਬੁਝਿਆ ਜਾ ਸਕਦਾ ਹੈ। ਨਹੀਂ ਤਾਂ ਹੁਕਮੀ ਬੰਦੇ ਬਿਬੇਕੀ ਜਨਾਂ ਨੂੰ ਇਸ ਨਿਖੜਮੇਂ ਉਤਾਰ ਚੜ੍ਹਾਉ ਵਿਚ ਪੈਣ ਦੀ ਕੀ ਲੋੜ ਹੈ ? ਹਾਂ ! ਹੁਕਮ ਅਸੂਲ ਦੀ ਦ੍ਰਿੜ੍ਹਤਾ ਕਰਾਉਣ ਲਈ ਓਹ ਆਪਣੇ ਵੀਰਾਂ ਨੂੰ ਪ੍ਰੀਤੀ-ਪ੍ਰੇਰਨਾ ਦੁਆਰਾ ਖਿਚ ਲੈਣਗੇ, ਅਥਵਾ, ਓਹਨਾਂ ਦੇ ਨਿਜ ਪੂਰਨੇ ਹੀ ਦੂਜਿਆਂ ਨੂੰ ਉਭਾਰਨ ਲਈ ਪ੍ਰੇਰਕ ਹੋਣਗੇ। ਹਰੇਕ ਗੁਰਮਤਿ ਅਸੂਲ ਦੀ ਦ੍ਰਿੜ੍ਹਤਾ ਦਾ ਨਿਰਭਰ ਕੇਵਲ ਗੁਰ ਪ੍ਰਮਾਣਾਂ ਉਪਰ ਹੀ ਨਹੀਂ। ਏਹ ਕਹਿਣਾ ਠੀਕ ਨਹੀਂ, ਜੈਸਾ ਕਿ ਅਕਸਰ ਹਠ-ਧਰਮੀ ਆਖਿਆ ਕਰਦੇ ਹਨ ਕਿ ਜੇਕਰ ਅਮੁਕੇ ਅਸੂਲ ਦੀ ਬਾਬਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ



www.AKJ.Org

ਬਾਣੀ ਵਿਚੋਂ ਉਕਤ ਅਸੂਲ ਦੀ ਪ੍ਰੋੜ੍ਹਤਾ ਪ੍ਰਥਾਇ ਠੀਕ ਠੀਕ ਘਟਦੇ ਪ੍ਰਮਾਣ ਨਾ ਮਿਲ ਸਕਣ, ਤਦ ਓਹ ਅਸੂਲ ਹੀ ਮੰਨਣ ਯੋਗ ਨਹੀਂ।

**ਸੀਨਾ ਬਸੀਨਾ ਚਲੇ ਆ ਰਹੇ ਹਨ ਗੁਰਮਤਿ ਅਸੂਲ : ਖੰਡੇ ਦਾ ਅੰਮ੍ਰਿਤ ਛਕਣਾ :—**

ਗੁਰਮਤਿ ਦੇ ਅਨੇਕ ਅਸੂਲ ਹਨ ਅਤੇ ਅਨੇਕਾਂ ਗੁਰੂ ਘਰ ਦੇ ਧਾਰਮਕ ਨਿਯਮ ਹਨ ਜੋ ਕੇਵਲ ਸੀਨਾ ਬਸੀਨਾ ਹੀ ਸ੍ਰੀ ਦਸਮੇਸ਼ ਜੀ ਦੇ ਸਮੇਂ ਤੋਂ ਗੁਰੂ ਪੰਥ ਅੰਦਰ, ਗੁਰਸਿਖਾਂ ਅੰਦਰ, ਗੁਰੂ ਦੀਆਂ ਸੰਗਤਾਂ ਅੰਦਰ ਪ੍ਰਚਲਤ ਚਲੇ ਆਉਂਦੇ ਹਨ, ਜਿਨ੍ਹਾਂ ਪ੍ਰਥਾਇ ਗੁਰਬਾਣੀ ਅੰਦਰ ਕੋਈ ਗੁਰਪ੍ਰਮਾਣ ਨਹੀਂ ਮਿਲਦਾ। ਇਸ ਤੋਂ ਇਹ ਸਿਧਾਂਤ ਕਢ ਲੈਣਾ ਠੀਕ ਨਹੀਂ ਕਿ ਉਕਤ ਸਦੀਆਂ ਤੋਂ ਗੁਰੂ ਘਰ ਵਿਖੇ ਪ੍ਰਚਲਤ ਚਲੇ ਆਉਂਦੇ ਗੁਰਮੁਖਾਂ ਦੇ ਮੰਨੇ-ਪ੍ਰਮੰਨੇ ਗੁਰਮਤਿ ਅਸੂਲ ਹੁਣ ਪ੍ਰਮਾਣੀਕ ਹੀ ਨਹੀਂ ਹੋ ਸਕਦੇ। ਹਾਂ, ਇਹ ਹੋ ਸਕਦਾ ਹੈ ਕਿ ਸਮੇਂ ਸਮੇਂ ਉਕਤ ਅਸੂਲਾਂ ਦੀ ਧਾਰਨਾ ਬਿਧੀ ਅੰਦਰ ਕੁਛ ਗੜ ਬੜ ਹੋ ਗਈ ਹੋਵੇ (ਜਿਸ ਦੀ ਸੋਧ ਸੁਧਾਈ ਯਥਾ ਯੋਗ ਕਰ ਲੈਣ ਦਾ ਗੁਰੂ ਖਾਲਸੇ ਨੂੰ ਅਧਿਕਾਰ ਅਖ਼ਤਿਆਰ ਹੈ) ਪ੍ਰੰਤੂ ਮੁਖ ਅਸੂਲ, ਮਰਯਾਦਾ ਰੀਤੀ ਅੰਦਰ ਭੀ, ਅੰਸ ਮਾਤਰ ਕਾਇਮ ਰਹਿ ਜਾਂਦੇ ਹਨ।

ਉਦਾਹਰਣ ਲਈ 'ਖੰਡੇ ਦੇ ਅੰਮ੍ਰਿਤ' ਦਾ ਅਸੂਲ ਹੀ ਲਓ। ਇਸ ਅਸੂਲ ਦੀ ਪ੍ਰੋੜ੍ਹਤਾ ਪ੍ਰਥਾਇ ਅਸਾਨੂੰ ਗੁਰਬਾਣੀ ਅੰਦਰ ਕਿਤੇ ਭੀ ਕੋਈ ਗੁਰ ਪ੍ਰਮਾਣ ਨਹੀਂ ਮਿਲਦਾ। (ਵਿਦਿਆ ਗਿਆਨੀ ਜਨ ਖਿਚ ਧਾੜ ਕੇ ਭਾਵੇਂ ਕਿਸੇ ਗੁਰ ਪ੍ਰਮਾਣ ਤੋਂ ਇਹ ਆਸ਼ਾ ਸਿਧ ਕਰ ਲੈਣ)। ਵਾਸਤਵ ਵਿਚ ਗੁਰਬਾਣੀ ਅੰਦਰ ਕੇਵਲ ਅੰਮ੍ਰਿਤ ਪਦ ਦੀ ਮਉਜੂਦਗੀ ਤੋਂ ਸਿਰਫ਼ ਬਾਣੀ ਅਥਵਾ ਨਾਮ ਦਾ ਹੀ ਅੰਮ੍ਰਿਤ ਸਰੂਪ ਹੋਣਾ ਸਿਧ ਹੁੰਦਾ ਹੈ, ਖੰਡੇ ਦਾ ਅੰਮ੍ਰਿਤ ਕਿਤੇ ਸਿਧ ਨਹੀਂ ਹੁੰਦਾ। ਕੀ ਇਸ ਤੋਂ ਇਹ ਭਾਵ ਕਢ ਲੈਣਾ ਉਚਿਤ ਹੈ ਕਿ ਖੰਡੇ ਦਾ ਅੰਮ੍ਰਿਤ ਛਕਣਾ, ਗੁਰੂ ਖਾਲਸਾ ਜੀ ਕਾ ਗੁਰਮਤਿ ਅਸੂਲ ਨਹੀਂ ? ਬਲਕਿ ਖਾਲਸਾ ਜੀ ਦੀ, ਖਾਲਸਾ ਪੰਥ ਦੀ, ਪੰਥ ਦੇ ਸਾਰੇ ਨਿਗਰ ਨਿਯਮਾਂ ਦੀ ਨੀਂਹ ਏਸੇ ਅਸੂਲ ਉਤੇ ਹੈ। 'ਖੰਡੇ ਦਾ ਅੰਮ੍ਰਿਤ ਛਕਣ' ਦੇ ਅਸੂਲ ਧਾਰੇ ਬਿਹੂਣ ਕੋਈ ਪ੍ਰਾਣੀ ਅੰਮ੍ਰਿਤਧਾਰੀ ਸਿੰਘ ਹੀ ਨਹੀਂ ਸਦਾ ਸਕਦਾ। ਖੰਡੇ ਦਾ ਅੰਮ੍ਰਿਤ ਛਕਣ ਵਾਲੀ ਗੁਰਮਤਿ ਮਰਯਾਦਾ ਅਸੂਲ ਦਾ ਪ੍ਰਮਾਣੀਕ ਹੋਣਾ ਗੁਰੂ ਪੰਥ ਅੰਦਰ ਇਕ ਮੰਨੀ ਪ੍ਰਮੰਨੀ ਗੱਲ ਹੈ। ਇਸ ਪਰਮ ਪ੍ਰਮਾਣੀਕ ਅੰਮ੍ਰਿਤ ਮਰਯਾਦਾ ਅੰਦਰ ਬਹੁਤ ਸਾਰੇ ਗੁਰਮਤਿ ਅਸੂਲ ਜੋ ਅੰਮ੍ਰਿਤ-ਧਾਰੀਆਂ ਨੂੰ ਅੰਮ੍ਰਿਤ ਛਕਣ ਸਮੇਂ ਦ੍ਰਿੜ੍ਹਾਏ ਜਾਂਦੇ ਹਨ, ਉਹ ਕੇਵਲ ਸੀਨਾ ਬਸੀਨਾ ਹੀ ਗੁਰੂ ਘਰ ਅੰਦਰ ਪ੍ਰਚਲਤ ਚਲੇ ਆਉਂਦੇ ਹਨ। ਅੰਮ੍ਰਿਤ ਛਕਾਣ ਦੀ ਪਵਿਤ੍ਰ ਮਰਯਾਦਾ ਸਮੇਂ ਹੀ ਸਰਬੱਤ ਗੁਰਮਤਿ ਅਸੂਲਾਂ ਦਾ ਪੱਕਾ ਧੁਰਵਾ ਬਝਦਾ ਹੈ। ਅਤੇ ਇਹਨਾਂ ਅਸੂਲਾਂ ਦੀ ਪ੍ਰਤੱਖ ਧਾਰਨਾ ਦੇ ਪ੍ਰਗਟ ਪੂਰਨੇ ਪਾ ਕੇ ਉਸ ਸਮੇਂ ਦਿਖਾਏ ਦ੍ਰਿੜ੍ਹਾਏ ਜਾਂਦੇ ਹਨ। ਜਿਸ ਦਾ ਸਪਸ਼ਟ ਇਹ ਭਾਵ ਹੁੰਦਾ ਹੈ ਕਿ ਜੋ ਜੋ ਗੁਰਮਤਿ ਅਸੂਲ ਨਿਯਮ ਇਸ ਪਵਿਤ੍ਰ ਅੰਮ੍ਰਿਤ ਸੰਸਕਾਰ ਸਮੇਂ ਧਾਰਨ ਕਰਾਏ ਜਾਂਦੇ ਹਨ, ਉਸ ਧਾਰਨਾ ਦਾ ਧਾਰਨੀ ਹੋਣਾ ਸਿਖ ਮਾਤਰ ਨੂੰ ਪਰਮ ਲਾਜ਼ਮੀ ਅਤੇ ਜ਼ਰੂਰੀ ਹੈ, ਅਤੇ ਉਹਨਾਂ ਅਸੂਲਾਂ ਦੀ ਧਾਰਨਾ ਅਨੁਸਾਰ ਸਦਾ ਲਈ ਚਲਣਾ ਅਰਥਾਤ ਰਹਿਤ ਰਹਿਣੀ ਦਾ ਰਖਣਾ ਹਰੇਕ ਸਿੰਘ ਸੁਜਾਨ ਦਾ ਧਰਮ ਅਤੇ ਜ਼ਰੂਰੀ ਫਰਜ਼ ਹੈ।

ਅੰਮ੍ਰਿਤ ਸਮੇਂ ਦੇ ਦ੍ਰਿੜ੍ਹਾਏ ਉਕਤ ਅਸੂਲਾਂ ਵਿਚੋਂ ਇਕ ਅਸੂਲ 'ਸਕੇਸ਼ ਇਸ਼ਨਾਨ' ਹੈ, ਜੋ ਨਿਖੇੜਮੀ, ਨਿਰਾਲੀ ਅਤੇ ਪ੍ਰਗਟ ਪਾਹਾਰੇ ਜਾਪਦੀ ਪ੍ਰੋੜ੍ਹਤਾ ਵਿਚ ਉਸ ਸਮੇਂ ਦ੍ਰਿੜ੍ਹਾਇਆ ਜਾਂਦਾ ਹੈ। ਸਮੂਹ ਅੰਮ੍ਰਿਤ ਅਧਿਕਾਰੀ ਅੰਮ੍ਰਿਤ ਛਕਣਹਾਰੇ ਅਤੇ ਅੰਮ੍ਰਿਤ ਛਕ ਕੇ ਖਾਲਸਾ ਸਜਣਹਾਰੇ ਖਾਲਸਾ ਧਰਮ ਦੇ ਧਾਰਨ ਕਰਨਹਾਰੇ ਅਭਿਲਾਖੀਆਂ ਨੂੰ ਅੰਮ੍ਰਿਤ ਛਕਾਉਣ ਸਮੇਂ (ਅਰਥਾਤ ਖਾਲਸਾ ਧਰਮ ਧਾਰਨ ਕਰਾਉਣ ਸਮੇਂ) ਸੁਧੇ ਕੇਸਾਂ ਦੇ ਇਸ਼ਨਾਨੁ ਕਰਾਇਆ ਜਾਂਦਾ ਹੈ, ਜਿਸ ਤੋਂ ਸਪਸ਼ਟ ਇਹ ਸਿਖਿਆ ਦ੍ਰਿੜ੍ਹ ਕਰਾਈ ਜਾਂਦੀ ਹੈ ਕਿ ਖਾਲਸਾ ਸਜ ਕੇ "ਸਤਿਗੁਰ ਕੈ ਜਨਮੈ ਗਵਨੁ ਮਿਟਾਇਆ" ਦੇ ਭਾਵ ਵਾਲੇ ਨਵ ਜੀਵਨ ਬਾਲਿਆਂ ਦਾ ਆਮ ਸੰਸਾਰੀਆਂ ਤੋਂ ਵਿਲੱਖਣ ਇਸ਼ਨਾਨ, ਸਕੇਸ਼ ਇਸ਼ਨਾਨ ਹੈ। ਅਰਥਾਤ, ਗੁਰਮਤਿ ਅੰਦਰ ਖਾਲਸਾ ਜਨਾਂ ਨੂੰ ਇਸ਼ਨਾਨ ਸੋਈ ਪ੍ਰਵਾਣ ਹੈ, ਜੋ ਸੁਧੇ ਕੇਸਾਂ ਦੇ ਕੀਤਾ



www.AKJ.Org

ਜਾਵੇ। ਏਹ ਧਰੁਵਾ ਪ੍ਰਤੱਖ ਅੰਮ੍ਰਿਤ ਸੰਸਕਾਰ ਸਮੇਂ ਹੀ ਬੰਨ੍ਹ ਕੇ ਦਿਖਾਇਆ ਜਾਂਦਾ ਹੈ ਕਿ ਤਤਕਾਲ ਹੁਣੇ ਤੋਂ ਹੀ ਦ੍ਰਿੜ੍ਹ ਹੋ ਜਾਵੇ। ਅਤੇ ਸਕੇਸ਼ ਇਸ਼ਨਾਨ ਦੀ ਪਵਿਤ੍ਰਤਾ ਅਤੇ ਪ੍ਰਵਾਣਤਾ ਦਾ ਪੂਰਨ ਨਮੂਨੇ ਦਾ ਦ੍ਰਿਸ਼ ਦਿਖਾਇਆ ਜਾਵੇ। ਇਸ ਪਵਿਤ੍ਰ ਦ੍ਰਿਸ਼ ਅੰਦਰ ਨਾ ਕੇਵਲ ਅੰਮ੍ਰਿਤ ਅਭਿਲਾਖੀਆਂ ਨੂੰ ਸਕੇਸ਼ ਇਸ਼ਨਾਨੀ ਦੇਖਿਆ ਜਾਂਦਾ ਹੈ, ਕਿੰਤੂ ਅੰਮ੍ਰਿਤ ਛਕਾਉਣਹਾਰੇ ਪੰਜਾਂ ਪਿਆਰਿਆਂ ਨੂੰ ਭੀ ਇਸ ਪਵਿਤ੍ਰਤਾ ਦੇ ਧਾਰਨੀ ਪਾਇਆ ਜਾਂਦਾ ਹੈ। ਇਸ ਤੋਂ ਸਾਫ਼ ਸਿਧ ਹੈ ਕਿ ਅੰਮ੍ਰਿਤ ਛਕਾਉਣਹਾਰੇ ਪੰਜ ਪਿਆਰੇ ਭੀ ਸਕੇਸ਼ ਇਸ਼ਨਾਨ ਕੀਤੇ ਬਿਨਾਂ ਪਿਆਰਿਆਂ ਵਿਚ ਸ਼ਾਮਲ ਨਹੀਂ ਕੀਤੇ ਜਾਂਦੇ। ਜਦ ਪੰਜ ਪਿਆਰਿਆਂ ਨੂੰ ਸਕੇਸ਼ ਇਸ਼ਨਾਨ ਕੀਤੇ ਬਿਹੂਣ ਪਿਆਰਿਆਂ ਵਿਚ ਸ਼ਾਮਲ ਹੋਣ ਦਾ ਅਧਿਕਾਰ ਨਹੀਂ ਅਤੇ ਨਾ ਹੀ ਅੰਮ੍ਰਿਤ ਅਭਿਲਾਖੀ ਹੀ ਸਕੇਸ਼ ਇਸ਼ਨਾਨ ਕੀਤੇ ਬਿਹੂਣ ਅੰਮ੍ਰਿਤ ਮੰਡਲ ਵਿਚ ਅੰਮ੍ਰਿਤ ਛਕਣ ਲਈ ਆ ਸਕਦੇ ਹਨ, ਤਦ ਇਸ ਤੋਂ ਸਪਸ਼ਟ ਸਿਧਾਂਤ ਏਹੀ ਨਿਕਲਿਆ ਕਿ ਸਕੇਸ਼ ਇਸ਼ਨਾਨ ਕਰਨਾ ਨਾ ਸਿਰਫ਼ ਰਸਮ ਪੂਰਬਕ ਰਿਵਾਜ ਹੀ ਹੈ ਬਲਕਿ ਸਿਖ ਮਾਤਰ ਦੇ ਧਾਰਨ ਯੋਗ ਇਕ ਪਵਿਤਰ ਗੁਰਮਤਿ ਅਸੂਲ ਹੈ ਅਤੇ ਗੁਰੂ ਦਾ ਹੁਕਮ ਹੈ, ਜਿਸ ਨੂੰ ਨਿਤਾਪ੍ਰਤੀ ਨਿਯਮ ਅੰਦਰ ਕਮਾਵਣਾ, ਹਰੇਕ ਸਿੰਘ ਸੁਜਾਨ ਦਾ ਧਰਮ ਹੈ। ਅੰਮ੍ਰਿਤ ਸੰਸਕਾਰ ਸਮੇਂ ਦਾ ਪੂਰਨ ਦ੍ਰਿਸ਼ ਸਕੇਸ਼ ਇਸ਼ਨਾਨ ਦੇ ਅਸੂਲ ਦੀ ਪਵਿਤ੍ਰਤਾਈ ਦਾ ਪੱਕਾ ਸਬੂਤ ਦਿੰਦਾ ਹੈ, ਜਿਸ ਤੋਂ ਵਧ ਕੇ ਹੋਰ ਕੋਈ ਪ੍ਰਮਾਣ ਸਕੇਸ਼ ਇਸ਼ਨਾਨ ਦੇ ਅਸੂਲ ਦੀ ਪ੍ਰੌੜ੍ਹਤਾ ਪ੍ਰਥਾਇ ਨਹੀਂ ਮਿਲ ਸਕਦਾ, ਜੋ ਕਿ ਸੀਨਾ ਬਸੀਨਾ ਅੰਮ੍ਰਿਤ ਛਕਾਉਣ ਲਈ ਰਸਮ ਦੇ ਸਾਥ ਸਾਥ ਹੀ ਪ੍ਰੰਪਰਾ ਤੋਂ ਪੰਥ ਅੰਦਰ ਮੰਨਿਆਂ-ਪ੍ਰਮੰਨਿਆ ਚਲਿਆ ਆਉਂਦਾ ਹੈ। ਜੇਕਰ ਅੰਮ੍ਰਿਤ ਛਕਾਉਣ ਦੇ ਅਸੂਲ ਲਈ ਭੀ ਕਿਸੇ ਹੋਰ ਪ੍ਰਮਾਣ ਦੀ ਲੋੜ ਹੈ, ਤਦ ਤਾਂ ਸਾਨੂੰ ਸਕੇਸ਼ ਇਸ਼ਨਾਨ ਦੇ ਅਸੂਲ ਪ੍ਰਥਾਇ ਭੀ ਹੋਰਸ ਪ੍ਰਮਾਣ ਦੀ ਤਾਂਘ ਰਖਣੀ ਚਾਹੀਏ। ਅਤੇ ਜੇ ਅੰਮ੍ਰਿਤ ਦਾ ਅਸੂਲ, ਖਾਲਸਾ ਪੰਥ ਦਾ ਇਕ ਮੰਨਿਆ ਪ੍ਰਮੰਨਿਆ ਅਸੂਲ ਹੈ, ਤਦ ਸਕੇਸ਼ ਇਸ਼ਨਾਨ ਭੀ ਨਿਰਸੰਦੇਹ ਪੰਥ ਦਾ ਇਕ ਮੰਨਿਆ ਪ੍ਰਮੰਨਿਆ ਅਤੇ ਗੁਰਮਤਿ ਪ੍ਰਮਾਣੀਕ ਅਤੇ ਸਿੰਘ ਮਾਤਰ ਦੇ ਧਾਰਨ ਕਰਨ ਯੋਗ ਪੱਕਾ ਅਤੇ ਪਵਿਤਰ ਅਸੂਲ ਹੈ।

ਪਿਛੇ ਦਸੇ ਅਨੁਸਾਰ ਗੁਰਮਤਿ ਬਿਬੇਕ ਇਸ਼ਨਾਨ ਅੰਮ੍ਰਿਤ ਇਸ਼ਨਾਨ ਹੈ। ਅਤੇ ਏਸ ਅੰਮ੍ਰਿਤ ਇਸ਼ਨਾਨ ਦੀ ਨੀਂਹ ਵੀ ਅੰਮ੍ਰਿਤ ਛਕਣ ਦੇ ਸਮੇਂ ਹੀ ਰਖੀ ਜਾਂਦੀ ਹੈ, ਜਦ ਕਿ ਉਸ ਸਮੇਂ ਅੰਮ੍ਰਿਤ ਦਾ ਖ਼ਾਸ ਵਿਸ਼ੇਸ਼ਤਾ ਸਹਿਤ ਕੇਸਾਂ ਵਿਖੇ ਪ੍ਰਵੇਸ਼ ਕਰਨਾ ਸਿਧ ਕਰਦਾ ਹੈ ਕਿ ਸਦੀਵੀ ਦੀ ਨਿਯਮੀ ਧਾਰਨਾ ਦਾ ਗੁਰਮਤਿ ਅੰਮ੍ਰਿਤ ਇਸ਼ਨਾਨ ਸਕੇਸ਼ ਇਸ਼ਨਾਨ ਬਿਨਾਂ ਅਧੂਰਾ ਹੈ। ਏਸੇ ਅਧੂਰਾਪਨ ਦੇ ਦੂਰ ਕਰਨ ਲਈ ਹੀ ਸ੍ਰੀ ਅੰਮ੍ਰਿਤ ਸਰੋਵਰ ਵਿਖੇ ਚੁਭੇ ਲਗਾਉਣ ਸਮੇਂ (ਇਸ਼ਨਾਨ ਕਰਨ) ਸਮੇਂ ਹੁਕਮਨ ਸੀਸ ਉਪਰੋਂ ਦਸਤਾਰਾ ਲਹਾਇਆ ਜਾਂਦਾ ਹੈ, ਜਿਸ ਦਾ ਸਪਸ਼ਟ ਭਾਵ ਇਹੋ ਹੁੰਦਾ ਹੈ ਕਿ ਸਕੇਸ਼ ਇਸ਼ਨਾਨ ਭੀ ਹੋ ਜਾਵੇ ਅਤੇ ਕੇਸਾਂ ਅਤੇ ਸੀਸ ਅੰਦਰ ਅੰਮ੍ਰਿਤ ਜਲ ਦਾ ਪ੍ਰਵੇਸ਼ ਹੋ ਜਾਵੇ ਅਤੇ ਸੁਧੇ ਸੀਸ ਅਤੇ ਕੇਸਾਂ ਦੇ ਅੰਮ੍ਰਿਤ ਸਰੋਵਰ ਵਿਚ ਚੁਭੇ ਲਾਏ ਜਾਣ। ਅੰਮ੍ਰਿਤ ਸਰੋਵਰ ਵਿਖੇ ਇਸ਼ਨਾਨ ਕਰਦਿਆਂ ਸੁਧੇ ਸੀਸ ਕੇਸਾਂ ਦੇ ਇਸ਼ਨਾਨ ਕਰਨਾ ਏਤਨਾ ਪਰਮ ਜ਼ਰੂਰੀ ਸਮਝਿਆ ਗਿਆ ਹੈ ਕਿ ਸੀਸ ਤੋਂ ਦਸਤਾਰਾ ਉਤਾਰੇ ਬਿਨਾਂ, ਭਾਵ, ਸਕੇਸ਼ ਇਸ਼ਨਾਨ ਦੇ ਨਮਿਤ ਕੇਸਾਂ ਨੂੰ ਨੰਗੇ ਕੀਤੇ ਬਿਨਾਂ ਅੰਮ੍ਰਿਤ ਸਰੋਵਰ ਵਿਖੇ ਅੰਮ੍ਰਿਤ ਇਸ਼ਨਾਨ ਨਮਿਤ ਪ੍ਰਵੇਸ਼ ਕਰਨ ਹੀ ਨਹੀਂ ਦਿਤਾ ਜਾਂਦਾ। ਸੁਖ ਰਹਿਣੀ ਰਹਿਤ ਦੇ ਆਲਸੀ ਅੰਮ੍ਰਿਤ ਸਰੋਵਰ ਦੇ ਇਸ਼ਨਾਨ ਸਮੇਂ ਦਸਤਾਰਾ ਉਤਾਰ ਦਿੰਦੇ ਹਨ (ਕਿਉਂਕਿ ਹੁਕਮਨ ਓਹਨਾਂ ਨੂੰ ਉਤਾਰਨਾ ਪੈਂਦਾ ਹੈ) ਪਰ ਸੁਧੇ ਕੇਸਾਂ ਚੁਭਾ ਫੇਰ ਭੀ ਨਹੀਂ ਲਾਉਂਦੇ ਅਤੇ ਗਹਿਗਚ ਅੰਮ੍ਰਿਤ ਜਲ ਪ੍ਰਵੇਸ਼ੀ ਸਕੇਸ਼ੀ ਇਸ਼ਨਾਨ ਨਹੀਂ ਕਰਦੇ, ਪਰ ਨਹੀਂ ਕਰਦੇ। ਕਈ ਅੰਸ ਮਾਤਰ ਭੈ ਭਾਵਨੀ ਦੇ ਪ੍ਰੇਮੀ ਅੰਮ੍ਰਿਤ ਜਲ ਦੇ ਛਿੱਟੇ ਤਾਂ ਕੇਸਾਂ ਵਿਖੇ ਮਾਰ ਲੈਂਦੇ ਹਨ ਅਤੇ ਕਈ ਅੰਮ੍ਰਿਤ ਜਲ ਦੇ ਚੁਲੇ ਭੀ ਕੇਸਾਂ ਵਿਖੇ ਸਜਾ ਲੈਂਦੇ ਹਨ, ਪਰ ਸਮੁੱਚਾ ਸਕੇਸ਼ ਇਸ਼ਨਾਨ ਕਰਨੋਂ ਸੰਕੋਚਦੇ ਹੀ ਰਹਿੰਦੇ ਹਨ। ਅੰਮ੍ਰਿਤ ਸਰੋਵਰ ਵਿਖੇ ਸਕੇਸ਼ ਇਸ਼ਨਾਨ ਦੀ ਇਹ ਪਾਬੰਦੀ ਭੀ ਗੁਰਮਤਿ ਅੰਦਰ, ਖਾਲਸਾ ਪੰਥ ਅੰਦਰ ਸਕੇਸ਼ ਇਸ਼ਨਾਨ ਦੇ ਨਿਤ ਨਿਯਮੀ ਅਸੂਲ ਦੇ ਪ੍ਰਪੱਕ ਹੋਣ ਦਾ ਪੱਕਾ ਸਬੂਤ ਹੈ। ਇਸ ਤੋਂ ਅਧਿਕ ਸਕੇਸ਼ ਇਸ਼ਨਾਨ ਦੀ ਪ੍ਰੌੜ੍ਹਤਾ ਲਈ ਹੋਰ ਪ੍ਰਮਾਣ ਦੇਣ ਦੀ ਲੋੜ ਨਹੀਂ ਭਾਸਦੀ।

ਬਸ ਸਕੇਸ਼, ਇਸ਼ਨਾਨ ਹੀ ਅਸਲ ਗੁਰਮਤਿ ਇਸ਼ਨਾਨ ਹੈ। ਸੀਸ ਕੇਸਾਂ ਦੇ ਇਸ਼ਨਾਨ ਤੋਂ ਬਿਨਾਂ ਸਿਰਫ਼



www.AKJ.Org

ਸਰੀਰ ਦੇ ਹੇਠਲੇ ਧੜ ਦਾ ਇਸ਼ਨਾਨ ਅਧੂਰਾ ਇਸ਼ਨਾਨ ਹੈ, ਪੂਰਾ ਇਸ਼ਨਾਨ ਨਹੀਂ। ਜਦ ਕਿ ਸਰੀਰ ਦਾ ਸ਼ਰੋਮਣੀ ਹਿਸਾ ਬੇ-ਇਸ਼ਨਾਨਾ ਰਹਿ ਗਿਆ ਤਾਂ ਨਿਰੇ ਹੇਠਲੇ ਧੜ ਦਾ ਇਸ਼ਨਾਨ ਪੂਰਨ ਗੁਰਮਤਿ ਇਸ਼ਨਾਨ ਕਿਸ ਤਰ੍ਹਾਂ ਬਣ ਸਕਦਾ ਹੈ, ਕਦਾਚਿੱਤ ਨਹੀਂ। ਹਾਂ, ਬੁੱਤਾ ਪੂਰਾ ਇਉਂ ਭੀ (ਇਸ ਅਧੂਰੇ ਇਸ਼ਨਾਨ ਨਾਲ) ਹੋ ਸਕਦਾ ਹੈ। ਚਾਹੇ "ਮੁਇਆ ਜੀਵਦਿਆ ਗਤਿ ਹੋਵੈ ਜਾ ਸਿਰਿ ਪਾਈਐ ਪਾਣੀ ॥" (ਵਾਰ ਮਾਰੂ ਮ: ੧, ਪੰਨਾ ੧੫੦) ਗੁਰਵਾਕ ਦੇ ਭਾਵ ਅਨੁਸਾਰ ਕੋਈ ਗੁਰਸਿਖ ਨਿਤਾਪ੍ਰਤਿ ਕੇਸਾਂ ਵਿਖੇ, ਭਾਵ, ਸੀਸ ਵਿਖੇ ਜਲ ਪ੍ਰਵੇਸ਼ ਕਰਨ ਦਾ ਧਾਰਨੀ ਕਿਤਨਾ ਭੀ ਹੋਵੇ, ਪ੍ਰੰਤੂ ਇਸ ਧਾਰਨਾ ਦੇ ਸੰਗਿ ਸਾਥ ਜੇ ਓਹ (ਗੁਰਸਿਖ) ਮੁਖ ਮੰਤਵ ਸਿਫਤਿ-ਸਲਾਹ ਰੂਪੀ ਬਿਬੇਕ ਧਾਰਨਾ ਦੀ ਕਮਾਈ ਨਹੀਂ ਕਰਦਾ ਤਾਂ ਕੇਵਲ ਸਕੇਸ਼ ਇਸ਼ਨਾਨ ਦੀ ਬਿਬੇਕ ਕਿਰਿਆ ਦੁਆਰਾ ਹੀ ਨਿਰਾ ਪੁਰਾ ਓਹ ਗਤੀ ਅਥਵਾ ਕਲਿਆਨ ਨੂੰ ਪ੍ਰਾਪਤ ਨਹੀਂ ਹੋ ਸਕਦਾ। ਹਾਂ, ਜਿਨ੍ਹਾਂ ਨੇ ਸਿਫਤਿ ਸਲਾਹ ਨੂੰ ਮੁਖ ਮੰਤਵ ਸਨਮੁਖ ਰਖਿਆ ਹੈ, ਜਿਨ੍ਹਾਂ ਨੇ ਮਨੁੱਖਾ ਜਨਮ ਦਾ ਪਰਮ ਪ੍ਰਯੋਜਨੀ ਲਾਹਾ ਗੋਬਿੰਦ ਭਜਨ ਨੂੰ ਹੀ ਜਾਣਿਆ ਹੈ, ਜਿਨ੍ਹਾਂ ਨੇ ਪ੍ਰੇਮਾ ਭਗਤੀ ਨੂੰ ਹੀ ਗੁਰਮਤਿ ਦਾ ਉਚ ਆਦਰਸ਼ ਪਛਾਣਿਆ ਹੈ, ਓਹ ਗੁਰਮਤਿ ਦਰਸਾਏ ਭਾਉ ਭਗਤੀ ਦੇ ਦ੍ਰਿੜ੍ਹਾਵਣਹਾਰੇ ਹਰੇਕ ਅਸੂਲ ਨੂੰ ਸਿਰ ਮੱਥੇ ਤੇ ਮੰਨਦੇ ਹੋਏ ਹਿਤੋਂ ਚਿਤੋਂ ਅਤੇ ਜਾਨੋਂ ਪ੍ਰੰਦ ਹੋ ਕੇ ਭੀ ਕਮਾਉਣਗੇ। ਅਤੇ ਅਜਿਹੇ ਸਕੇਸ਼ ਇਸ਼ਨਾਨ ਬਿਬੇਕੀਆਂ ਦੀ ਹੀ "ਮੁਇਆ ਜੀਵਦਿਆ ਗਤਿ ਹੋਵੈ ਜਾ ਸਿਰਿ ਪਾਈਐ ਪਾਣੀ" ਦੇ ਭਾਵ ਅਨੁਸਾਰੀ ਸਕੇਸ਼ ਇਸ਼ਨਾਨ ਬਿਬੇਕ ਦੀ ਧਾਰਨਾ ਸੰਦੀ ਨਿਯਮ ਨਿਬਾਹੁਣ ਵਾਲੀ ਘਾਲ ਥਾਇ ਪਵੇਗੀ ਅਤੇ ਗੁਰਮਤਿ ਲੇਖੇ ਲਗੇਗੀ।

## ਸਕੇਸ਼ ਇਸ਼ਨਾਨ ਦੇ ਨਿਤਨੇਮੀ ਸਿੰਘ ਦੇ ਧਿਆਨ ਯੋਗ ਖ਼ਾਸ ਜ਼ਰੂਰੀ ਗੱਲਾਂ :–

ਸਕੇਸ਼ ਇਸ਼ਨਾਨ ਦੇ ਨਿਤਨੇਮੀ ਨੂੰ ਖ਼ਾਸ ਖ਼ਾਸ ਗੱਲਾਂ ਦਾ ਜ਼ਰੂਰੀ ਧਿਆਨ ਰਖਣਾ ਚਾਹੀਦਾ ਹੈ। ਪਹਿਲਾਂ ਤਾਂ ਇਹ ਕਿ ਕੇਸ ਸਾਫ਼ ਸੁਥਰੇ ਤੇ ਮੁਲਾਇਮ ਰਹਿਣ ਅਤੇ ਰੁੱਖੇ ਨਾ ਹੋਣੇ ਪਾਉਣ। ਇਸਦਾ ਇਲਾਜ ਇਹ ਹੈ ਕਿ ਤੀਸਰੇ ਚੌਥੇ ਦਿਨ ਘਟ ਤੋਂ ਘਟ ਹਫ਼ਤੇ ਵਿਚ ਦੋ ਵਾਰ ਖਾਰ ਆਦਿਕ ਨਾਲ ਇਸ਼ਨਾਨ ਕਰ ਕੇ ਛੇਵਾਂ, ਕੇਸਾਂ ਨੂੰ ਸਜਾਉਣਾ (ਲਗਾਉਣਾ) ਚਾਹੀਦਾ ਹੈ। ਛੇਵਾਂ ਖਾਲਸ ਸਰਸੋਂ ਦਾ ਹੋਵੇ ਤਾਂ ਕਹਾਂ ਪਾਈਐ, ਨਹੀਂ ਤਾਂ ਕੇਸਾਂ ਨੂੰ ਮੁਲਾਇਮ ਅਤੇ ਮਜ਼ਬੂਤ ਰਖਣ ਵਾਲਾ ਕੋਈ ਭੀ ਛੇਵਾਂ ਹੋਵੇ ਤਾਂ ਭੀ ਠੀਕ ਹੈ। ਪ੍ਰੰਤੂ ਇਤਰ ਫੁਲੇਲੀ ਸੁਗੰਧੀ-ਦਾਰ ਤੇਲ ਜਿਸ ਤੋਂ ਕਿ ਕੇਸ ਕਮਜ਼ੋਰ ਪੈ ਜਾਣ ਦਾ ਅਥਵਾ ਸ਼ੁਕੀਨੀ ਦਾ ਭੁਸ ਪੈਣ ਦਾ ਖਤਰਾ ਹੋਵੇ, ਜਿਥੋਂ ਤਕ ਹੋ ਸਕੇ, ਨਾ ਹੀ ਵਰਤਿਆ ਜਾਵੇ। ਜੈਸੀ ਤਾਕਤ ਅਤੇ ਚਿਕਣਤ ਖਾਲਸ ਛੇਵਾਂ ਕੇਸਾਂ ਨੂੰ ਦੇਵੇਗਾ, ਹੋਰ ਕੋਈ ਮਿਲਗੋਭਾ ਛੇਵਾਂ ਨਹੀਂ ਦੇ ਸਕਦਾ। ਖਾਸ ਕਰ ਸਰਸੋਂ ਦਾ ਛੇਵਾਂ ਬਹੁਤ ਗੁਣਕਾਰੀ ਹੈ। ਨਿਤਾਪ੍ਰਤਿ ਕੇਸਾਂ ਵਿਖੇ ਜਲ ਪ੍ਰਵੇਸ਼ ਕਰਨ ਨਾਲ, ਜੇ ਦੂਜੇ ਤੀਜੇ ਛੇਵਾਂ ਨਾ ਵਰਤਿਆ ਜਾਵੇ ਤਾਂ ਰੁਖਾਸਣਾਪਣ ਵਰਤਣ ਲਗ ਜਾਂਦਾ ਹੈ। ਅਤੇ ਕੇਸ ਭੁਰਨ ਟੁਟਣ ਲਗ ਪੈਂਦੇ ਹਨ। ਕੇਸਾਂ ਨੂੰ ਸਾਫ਼ ਰਖਣ ਲਈ ਦੋਨੋਂ ਵਕਤ ਕੰਘਾ ਕਰਨ ਦਾ ਅਵੱਸ਼ ਜ਼ਰੂਰੀ ਨਿਯਮ ਪਾਲਣਾ ਸਿਖ ਮਾਤਰ ਦਾ ਧਰਮ ਹੈ।

ਦੂਸਰੇ ਕੇਸਾਂ ਵਿਚ ਦੁਰਗੰਧੀ ਕਦੇ ਨਾ ਆਉਣੀ ਪਾਵੇ। ਜਿਸ ਦਾ ਸੰਜਮ ਇਹ ਹੈ ਕਿ ਕੇਸ ਹਰੇ ਕੀਤੇ ਬਿਨਾਂ ਦਸਤਾਰਾ ਨਾ ਸਜਾਇਆ ਜਾਵੇ। ਜੋ ਸਵਾ ਪਹਿਰ ਰਾਤ ਰਹਿੰਦੀ ਉਠਣ ਦੇ ਨੇਮੀ ਅਤੇ ਉਦਮੀ ਹਨ, ਸਕੇਸ਼ ਇਸ਼ਨਾਨ ਕਰਦੇ ਸਾਰ ਨਾਮ ਬਾਣੀ ਦੇ ਅਭਿਆਸ ਵਿਚ ਜੁਟ ਜਾਂਦੇ ਹਨ ਅਤੇ ਕੇਸ ਭੀ ਹਰੇ ਕਰਨ ਲਗ ਪੈਂਦੇ ਹਨ। ਕੇਸ ਹਰੇ ਹੁੰਦੇ ਰਹਿੰਦੇ ਹਨ। ਅੰਮ੍ਰਿਤ ਵੇਲੇ ਖੁਲ੍ਹੇ ਆਕਾਸ਼ ਅਤੇ ਖੁਲ੍ਹੀ ਪਉਣ ਵਿਚ ਬੈਠਿਆਂ ਹੋਇਆਂ ਅਤੇ ਕੇਸ ਹਰੇ ਕਰਦਿਆਂ ਹੋਇਆਂ ਅਭਿਆਸ ਦਾ ਉਹ ਅਨੰਦ ਖਿੜਦਾ ਹੈ ਕਿ ਅਭਿਆਸੀ ਜਨ ਹੀ ਜਾਣਦੇ ਹਨ। ਕੰਠਾਗਰ ਬਾਣੀ ਦਾ ਪਾਠ ਅਤੇ ਨਾਮ ਅਭਿਆਸ ਏਕਾਂਤ ਵਿਚ ਬੈਠ ਕੇ ਕਰਦੇ ਹੋਏ ਅਸੀਂ ਨਿਸੰਗ ਕੇਸ ਖੁਲ੍ਹੇ ਰਖ ਕੇ ਪਿਛੇ ਛਡ ਸਕਦੇ ਹਾਂ। ਕੇਸਾਂ ਦਾ ਖੁਲ੍ਹੇ ਰਖਣਾ ਕੇਵਲ ਹਰੇ ਕਰਨ ਦੇ ਨਮਿਤ ਮਾਤਰ ਹੈ। ਮਤੇ ਐਵੇਂ ਖੁਲ੍ਹੇ ਅਤੇ ਨੰਗੇ ਰਖਣ ਦਾ ਸੁਭਾਉ ਹੀ ਪੈ ਜਾਵੇ। ਪ੍ਰੰਤੂ ਜੇ ਪੋਥੀ ਗੁਟਕੇ ਉਪਰੋਂ ਬਾਣੀ ਦਾ ਪਾਠ ਨਿਤਨੇਮ ਕਰਨਾ ਹੋਵੇ ਤਦ ਅਸੀਂ ਨਗਨ ਸੀਸ ਪਾਠ ਨਹੀਂ



www.AKJ.Org

ਕਰ ਸਕਦੇ। ਇਹ ਬੇਅਦਬੀ ਵਿਚ ਦਾਖ਼ਲ ਹੈ। ਅਰਥਾਤ "ਪੋਥੀ ਪਰਮੇਸਰ ਕਾ ਥਾਨੁ" (੧੨੨੬) ਹੋਣ ਕਰਕੇ ਪੋਥੀ ਦਾ ਅਦਬ ਜ਼ਰੂਰੀ ਹੈ ਅਤੇ ਨਾ ਹੀ ਖਾਸ ਸਤਿਸੰਗ ਸਮਾਗਮ ਕਰਦਿਆਂ ਹੋਇਆਂ ਕੇਸ ਖੁਲ੍ਹੇ ਰਖ ਸਕਦੇ ਹਾਂ ਯਾ ਨੰਗੇ ਕਰ ਸਕਦੇ ਹਾਂ। ਹਾਂ, ਅਭਿਆਸੀ ਜਨ ਅੰਮ੍ਰਿਤ ਵੇਲੇ ਏਕਾਂਤ ਵਿਚ ਇਕੱਠੇ ਬੈਠੇ ਅਭਿਆਸ ਦਾ ਨਿਸੰਗ ਅਨੰਦ ਲਹਿਰਾ ਲੈਣ। ਹਾੜ (ਹੁਨਾਲ) ਦੇ ਦਿਨਾਂ ਵਿਚ ਤਾਂ ਤਾਬੜ ਤੋੜ ਹੀ ਕੇਸ ਹਰੇ ਹੋ ਜਾਂਦੇ ਹਨ। ਜਦੋਂ ਹਰੇ ਹੋਏ ਓਦੋਂ ਹੀ ਸਜਾਇ ਲਏ। ਜੇ ਕਿਤੇ ਝਬਦੇ ਆਸਾ ਦੀ ਵਾਰ ਦੇ ਕੀਰਤਨ-ਸਮਾਗਮ ਵਿਚ ਹਾਜ਼ਰ ਹੋਣਾ ਹੋਵੇ ਤਾਂ ਥੋੜ੍ਹੀ ਜਿਹੀ ਪਉਣ (ਹਵਾ) ਕੇਸਾਂ ਨੂੰ ਲੁਆ ਕੇ ਕੇਸ ਸਜਾ ਲਏ। ਅਤੇ ਖੱਦਰ ਦਾ ਦਮਾਲਾ ਘੁਟ ਕੇ ਉਪਰ ਦੀ ਸਜਾ ਲਵੇ, ਰਹੀ ਸਹੀ ਕੇਸਾਂ ਦੀ ਨਮੀ ਨੂੰ ਇਹ ਦਮਾਲਾ ਸੋਖ ਲਏਗਾ ਅਤੇ ਕੇਸ ਸਿਲ੍ਹੇ ਨਹੀਂ ਰਹਿਣੇ ਪਾਵਣਗੇ। ਅਤੇ ਸਿਆਲ ਦੇ ਮਹੀਨੇ ਅੱਵਲ ਤਾਂ ਦਿਨ ਚੜ੍ਹਦੇ ਤਾਈਂ ਕੇਸ ਹਰੇ ਹੋ ਜਾਂਦੇ ਹਨ, ਪਰ ਜਿਨ੍ਹਾਂ ਦੇ ਕੇਸ ਭਾਰੇ ਹੁੰਦੇ ਹਨ, ਉਹਨਾਂ ਦੇ ਜੇ ਥੋੜ ਘਣੇ ਹਰੇ ਹੋਣੋਂ ਰਹਿ ਭੀ ਜਾਣ ਤਾਂ ਦਿਨੇ ਧੁਪ ਵਿਚ ਕਦੇ ਦਸ ਪੰਦਰਾਂ ਮਿੰਟ ਮਾਤਰ ਹਰੇ ਕਰ ਲਏ। ਸਿਆਲ ਦੀਆਂ ਰਾਤਾਂ ਹੁਨਾਲ ਦੀਆਂ ਰਾਤਾਂ ਨਾਲੋਂ ਵਡੀਆਂ ਹੁੰਦੀਆਂ ਹਨ। ਨੇਮੀਆਂ ਦੇ ਜਾਗਣ ਦੇ ਨੇਮ ਪ੍ਰੇਮ ਦੀ ਸੁਵਖਤੀ ਘੜੀ ਉਹੀ ਇਕਸਾਰ ਰਹਿੰਦੀ ਹੈ, ਇਸ ਕਰਕੇ ਦਿਨ ਚੜ੍ਹਦੇ ਤੀਕ ਅੱਵਸ਼ੋਂ ਹੀ ਕੇਸ ਹਰੇ ਹੋ ਸਕਦੇ ਹਨ। ਜੇ ਭਲਾ ਅੰਮ੍ਰਿਤ ਵੇਲੇ ਦੇ ਕਿਸ ਸਮਾਗਮ ਵਿਖੇ ਸ਼ਾਮਲ ਹੋਣਾ ਹੋਵੇ ਤਾਂ ਕੰਬਲ ਦਾ ਦਮਾਲਾ ਘੁਟ ਕੇ ਕੇਸਾਂ ਉਤੇ ਸਜਾ ਲੈਣ ਕਰਿ ਦਿਨ ਚੜ੍ਹਦੇ ਤਾਈਂ ਉੱਕੇ ਹੀ ਸਿੱਲੇ ਨਹੀਂ ਰਹਿਣਗੇ ਅਤੇ ਗਰਮ ਦਮਾਲੇ ਅੰਦਰ ਸਜੇ ਸਜਾਏ ਹੀ ਹਰੇ ਹੋ ਜਾਣਗੇ ਅਤੇ ਬੋ ਨਹੀਂ ਪਕੜਨਗੇ।

ਜੋ ਸਿੰਘ ਸਜਨ ਬਦੇਸਾਂ ਅਤੇ ਬਰਫ਼ਾਨੀ ਮੁਲਕਾਂ ਵਿਚ ਚੱਤੋ ਪਹਿਰ ਦਸਾਂ ਨਹੁੰਆਂ ਦੀ ਕਮਾਈ ਕਰਦੇ ਹੋਏ ਭੀ ਸਕੇਸ਼ ਇਸ਼ਨਾਨ ਦਾ ਨਿਯਮ ਨਿਬਾਹੁੰਦੇ ਹਨ, ਓਹ ਧੰਨ ਹਨ। ਓਹਨਾਂ ਸਜਣਾਂ ਨਾਲ ਗੋਸ਼ਟ ਕੀਤਿਆਂ ਪਾਠਕ ਜਨਾਂ ਨੂੰ ਪਤਾ ਲਗ ਸਕਦਾ ਹੈ ਕਿ ਕਿਸ ਤਰ੍ਹਾਂ ਓਹ ਸਜਣ ਕਾਰ ਵਿਹਾਰ ਕਰਦਿਆਂ ਭੀ ਇਸ਼ਨਾਨ ਬਾਣੀ ਦਾ ਨੇਮ ਨਹੀਂ ਖੁੰਝਣ ਦਿੰਦੇ ਅਤੇ ਕੇਸ ਭੀ ਹਰੇ ਕਰ ਲੈਂਦੇ ਹਨ ਤੇ ਦੁਰਗੰਧੀ ਨੇੜੇ ਨਹੀਂ ਆਉਣ ਦਿੰਦੇ। ਗੁਰਮਤਿ ਇਸ਼ਨਾਨ ਬਿਬੇਕ ਦੀ ਪ੍ਰਵਾਹ ਰਖਣ ਵਾਲੇ ਸਕੇਸ਼ ਇਸ਼ਨਾਨੀ ਗਰਮ ਅੰਗੀਠੀਆਂ ਦੀ ਗਰਮਾਈ ਵਾਲੇ ਕਮਰਿਆਂ ਵਿਚ ਅਥਵਾ ਅੰਗੀਠੀ ਦੇ ਸਨਮੁਖ ਬੈਠ ਕੇ ਕੇਸ ਹਰੇ ਕਰਦੇ ਹਨ। ਨਹੀਂ ਤਾਂ ਜਲ ਨਿਚੋੜ ਕੇ ਅਤੇ ਆਠਰੇ ਜਿਹੇ ਕੇਸ ਕਰ ਕੇ, ਕਸ ਕੇ ਸੀਸ ਤੇ ਸਜਾ ਲੈਂਦੇ ਹਨ, ਆਪੇ ਅੰਦਰਲੀ ਗਰਮਾਈ ਨਾਲ ਕੇਸ ਹਰੇ ਹੋ ਜਾਂਦੇ ਹਨ। ਏਸ ਪ੍ਰਕਾਰ ਦੇ ਹੋਰ ਭੀ ਸੰਜਮ ਹਨ ਜੋ ਕੇਸ ਬਿਬੇਕੀਆਂ ਦੀ ਸੰਗਤ ਵਿਚ ਰਹਿ ਕੇ ਆਪਣੇ ਆਪ ਹੀ ਸਿਖ ਲਈਦੇ ਹਨ।

ਸਕੇਸ਼ ਇਸ਼ਨਾਨੀ ਹੁੰਦੇ ਹੋਏ ਕੇਸਾਂ ਨੂੰ ਸਾਫ਼ ਸੁਥਰੇ ਅਤੇ ਦੁਰਗੰਧੀ ਤੋਂ ਪਾਕ ਨਾ ਰਖਣਾ ਨਾ ਸਿਰਫ਼ ਇਹ ਕੇਸਾਂ ਦੀ ਬੇਅਦਬੀ ਕਰਨਾ ਹੀ ਹੈ, ਬਲਕਿ ਸਕੇਸ਼ ਇਸ਼ਨਾਨੀ ਬਿਬੇਕੀਆਂ ਨੂੰ ਬਦਨਾਮ ਕਰਨਾ ਅਤੇ ਸਕੇਸ਼ ਇਸ਼ਨਾਨ ਦੇ ਨਾਮ ਨੂੰ ਵੱਟਾ ਲਾਉਣਾ ਹੈ। ਜਿਸ ਉੱਦਮ ਨਾਲ ਬਿਬੇਕੀ ਜਨ ਨਿਤਾਪ੍ਰਤਿ ਅੰਮ੍ਰਿਤ ਵੇਲੇ ਉਠਦੇ ਹਨ ਅਤੇ ਜਿਸ ਉੱਦਮ ਨਾਲ ਉਠ ਕੇ ਇਸ਼ਨਾਨ ਸੋਧਦੇ ਹਨ ਅਤੇ ਸਕੇਸ਼ ਇਸ਼ਨਾਨ ਦੇ ਪੁਰਸ਼ਾਰਥੀ ਬਣਦੇ ਹਨ, ਤਿਸੇ ਉਦਮ ਨਾਲ, ਉਸ ਤੋਂ ਅਤਿ ਥੋੜੇ ਜਿਹੇ ਰੂੰਗੇ ਮਾਤ੍ਰ ਦੇ ਉੱਦਮ ਨਾਲ ਕੇਸਾਂ ਨੂੰ ਸੁਧ ਅਤੇ ਸਾਫ਼ ਰਖਣ ਦੀ ਚੋਂਪ ਆਦਤ ਪੈ ਸਕਦੀ ਹੈ। ਸੁਚੇਤ ਸਿਖ ਉਹੀ ਹੈ ਜਿਸ ਨੂੰ ਆਪਣੀ ਸਰੀਰਕ ਕਿਰਿਆ ਦੇ ਸੋਧ ਰਖਣ ਦੀ ਭੀ ਚੋਂਪ ਚੌਕਸਤਾਈ ਹੋਵੇ।

("ਗੁਰਮਤਿ ਬਿਬੇਕ" ਪੁਸਤਕ ਵਿਚੋਂ

---

**ਪਿਆਰੇ ਪਾਠਕੋ—ਆਪਣਾ ਚਿੱਟ ਨੰਬਰ** ਜ਼ਰੂਰ ਲਿਖੋ। ਹਰ ਮਹੀਨੇ ਤੁਹਾਡਾ ਚਿੱਟ ਨੰਬਰ ਪਰਚੇ ਉਤੇ ਐਡਰੇਸ ਤੋਂ ਪਹਿਲਾਂ ਦਿਤਾ ਹੁੰਦਾ ਹੈ। ਤੁਹਾਡੇ ਵਲੋਂ ਭੇਜੀ ਚਿਠੀ ਜਾਂ ਰਕਮ ਦੇ ਨਾਲ ਚਿੱਟ ਨੰਬਰ ਦਿੱਤਾ ਹੋਵੇ ਤਾਂ ਅਮਲ ਕਰਨ ਵਿਚ ਸੌਖ ਹੁੰਦਾ ਹੈ।

(੨) **ਸੂਰਾ ਪੱਤਰ ਦਾ ਚੰਦਾ** ਖ਼ਤਮ ਹੋਣ ਦੀ ਮੁਹਰ ਪਰਚੇ ਤੇ ਵੇਖੋ ਤਾਂ ਓਦੋਂ ਹੀ ਚੰਦਾ ਮਨੀਆਰਡਰ ਰਾਹੀਂ ਭੇਜੋ, ਤਾਕਿ ਕਟ ਵਧ ਨਾ ਕਰਨੀ ਪਵੇ।



www.AKJ.Org

# ਤਖਤਿ ਰਾਜਾ ਸੋ ਬਹੈ ਜਿ ਤਖਤੈ ਲਾਇਕ ਹੋਈ

(ਗਿਆਨੀ ਹਰਬੰਸ ਸਿੰਘ ਜੀ ਤੇਗ)

ਸੰਸਾਰ ਦਾ ਹਰ ਮਨੁੱਖ ਵੱਡਾ ਬਣਨਾ ਲੋਚਦਾ ਹੈ। ਆਪਣੀ ਸ਼ੋਭਾ, ਵਡਿਆਈ ਅਤੇ ਦੂਜਿਆਂ ਉਤੇ ਹੁਕਮ ਚਲਾਉਣ ਦਾ ਵੀ ਖ਼ਾਹਿਸ਼ਮੰਦ ਹੈ। ਭਾਵੇਂ ਹਰੇਕ ਮਨੁੱਖ ਕਿਸੇ ਪ੍ਰਕਾਰ ਵੀ ਬਾਦਸ਼ਾਹਤ ਦਾ ਅਨੰਦ ਨਹੀਂ ਮਾਣ ਸਕਦਾ, ਕਿਉਂਕਿ ਰਾਜ ਕਰਨਾ ਕਿਸੇ ਖ਼ਾਸ ਵਿਅਕਤੀ ਦੇ ਹੀ ਹਿੱਸੇ ਆਇਆ ਹੈ ਅਤੇ ਆਵੇਗਾ। ਪਰ ਫ਼ਿਰ ਵੀ ਕੋਈ ਦੇਸ਼, ਪਾਰਟੀ ਜਾਂ ਸੰਸਥਾ ਅਜਿਹੀ ਨਹੀਂ, ਜਿਥੇ ਰਾਜ ਸੱਤਾਹ ਹਥਿਆਉਣ ਲਈ ਜਦੋ ਜਹਿਦ ਨਾ ਹੋ ਰਹੀ ਹੋਵੇ। ਕਿਉਂਕਿ ਕਾਦਰ ਨੇ ਮਨੁੱਖ ਦੀ ਫ਼ਿਤਰਤ ਹੀ ਅਜਿਹੀ ਘੜੀ ਹੋਈ ਹੈ। ਵੈਸੇ ਵੀ ਪ੍ਰਮਾਤਮਾ ਦਾ ਹੁਕਮ ਸਾਰੇ ਸੰਸਾਰ ਉਤੇ ਚਲ ਰਿਹਾ ਹੈ ਅਤੇ ਉਸ ਦੀ ਅੰਸ਼ ਹੋਣ ਦੇ ਨਾਤੇ ਮਨੁੱਖ ਵੀ ਹੁਕਮ ਚਲਾਉਣਾ ਚਾਹੁੰਦਾ ਹੈ। ਪਰ ਹਰੇਕ ਦਾ ਹੁਕਮ ਫਿਰ ਵੀ ਨਹੀਂ ਚਲਦਾ ਤੇ ਨਾ ਹੀ ਚਲੇਗਾ।

ਰਾਜ ਕਰਨ ਵਾਲਾ ਗੰਭੀਰ ਸੋਚ ਵਾਲਾ ਅਤੇ ਸਰਬੱਤ ਦੇ ਭਲੇ ਲਈ ਤਤਪਰ ਹੋਣ ਵਾਲਾ ਹੀ ਹੋ ਸਕਦਾ ਹੈ, ਨਹੀਂ ਤਾਂ ਰਾਜ ਨਹੀਂ ਚਲ ਸਕੇਗਾ। ਸੋ ਹਰੇਕ ਵੱਡੇ ਕਾਰਜ ਲਈ, ਵੱਡੀ ਜ਼ਿੰਮੇਵਾਰੀ ਲਈ ਤਿਆਰੀ ਦੀ ਲੋੜ ਹੈ। ਜੇਕਰ ਅਜਿਹਾ ਨਾ ਹੋਵੇ, ਫਿਰ ਤਾਂ ਹਰ ਕੋਈ ਰਾਜ ਕਰ ਸਕਦਾ ਸੀ। ਕੁਝ ਕੁ ਇਤਿਹਾਸਕ ਹਵਾਲੇ ਹੇਠਾਂ ਦਰਜ ਹਨ ਕਿ ਜਿਨ੍ਹਾਂ ਨੇ ਵੀ ਸੰਸਾਰ ਨੂੰ ਕੋਈ ਸਹੀ ਸੇਧ ਦਿਤੀ ਜਾਂ ਮਨੁੱਖਤਾ ਦੇ ਭਲੇ ਲਈ ਕੋਈ ਬਾਨ੍ਹਣੂ ਬੰਨ੍ਹਿਆ, ਉਨ੍ਹਾਂ ਨੂੰ ਕਿੱਡੀ ਵਡੀ ਘਾਲਣਾ ਘਾਲਣੀ ਪਈ ਅਤੇ ਕੁਰਬਾਨੀ ਵੀ ਕਰਨੀ ਪਈ, ਕਿਉਂਕਿ ਜਿਸ ਮਨੁੱਖ ਨੂੰ ਦਿਸਦੇ ਅਤੇ ਅਣਦਿਸਦੇ ਸੰਸਾਰ ਦੇ ਬਲ ਅਤੇ ਸ਼ਕਤੀਆਂ ਦੀ ਸਾਂਝ ਬਾਰੇ ਗਿਆਨ ਨਹੀਂ, ਉਹ ਚੰਗਾ ਰਾਜ ਵੀ ਸਥਾਪਿਤ ਨਹੀਂ ਕਰ ਸਕਦਾ।

ਮਨੁੱਖਤਾ ਦੀ ਰਾਖੀ ਹਿਤ ਸਮਾਜੀ ਸੰਗਠਨ ਨੂੰ ਹੋਂਦ ਵਿਚ ਲਿਆਉਣ ਲਈ, ਭਾਰਤ ਵਿਚਲੀ ਮਨੁੱਖਤਾ ਹੀਣੀ ਅਵਸਥਾ ਨੂੰ ਖ਼ਤਮ ਕਰਨ ਲਈ, ਗੁਰੂ ਨਾਨਕ ਦੇਵ ਜੀ ਵਲੋਂ ਇਕ ਖ਼ਾਸ ਸਮੇਂ ਲਈ ਇਕਾਂਤ-ਵਸ ਹੋ ਕੇ ਪ੍ਰੋਗਰਾਮ ਉਲੀਕਣ ਬਾਰੇ ਸਿੱਖ ਇਤਿਹਾਸ ਉਸ ਘਟਨਾ ਨੂੰ "ਵੇਈਂ ਨਦੀ ਪ੍ਰਵੇਸ਼" ਦਾ ਸਿਰਲੇਖ ਦਿੰਦਾ ਹੈ। ਜਿਸ ਪਿਛੋਂ ਗੁਰੂ ਨਾਨਕ ਜੀ ਨੇ ੧੫੨੧ ਈ: ਤੀਕ ਉਦਾਸੀਆਂ ਦੇ ਰੂਪ ਵਿਚ ਮਹਾਨ ਸਾਂਝੇ ਮਨੁੱਖੀ ਸਮਾਜ ਦੀ ਹੋਂਦ 'ਸਿੱਖ ਪੰਥ' ਦੇ ਰੂਪ ਵਿਚ ਕੀਤੀ। ਇਸ ਸਿੱਖ ਪੰਥ (ਸੰਗਠਨ) ਨੂੰ ਪੱਕੀਆਂ ਲੀਹਾਂ ਚਿ ਤੋਰਨ ਤੀਕ 'ਮਾਇਆ' ਨੂੰ ਨੇੜੇ ਨਹੀਂ ਲੱਗਣ ਦਿਤਾ। ਪਾਤਸ਼ਾਹੀ ਤੀਜੀ (ਗੁਰੂ ਅਮਰਦਾਸ ਜੀ) ਨੇ ਹੀ ਮਾਇਆ ਨੂੰ ਗੁਰੂ ਦਰਬਾਰ ਚਿ ਦਾਖ਼ਲ ਹੋਣ ਦੀ ਆਗਿਆ ਦਿਤੀ, ਕਿਉਂਕਿ ਹੁਣ 'ਸਿੱਖ ਪੰਥ' ਮਾਇਆ ਦੇ ਸਰੂਪ ਤੋਂ ਜਾਣੂ ਹੋ ਚੁੱਕਾ ਸੀ।

ਗੁਰੂ ਅਰਜਨ ਦੇਵ ਜੀ ਵਲੋਂ ਸ੍ਰੀ ਗੁਰੂ ਗਰੰਥ ਸਾਹਿਬ (ਆਦਿ ਬੀੜ) ਦਾ ਸੰਪਾਦਨ ਕਰਨਾ ਵੀ ਦੂਰ ਦੇ ਰੋਸ਼ਨ ਭਵਿਖ ਲਈ ਇਕ ਗੰਭੀਰ ਸੋਚ ਦੀ ਪ੍ਰਤੱਖ ਦੇਣ ਹੈ। ਇਸੇ ਤਰ੍ਹਾਂ ਨੌਵੇਂ ਗੁਰੂ ਤੇਗ ਬਹਾਦਰ ਜੀ ਦਾ ਬਾਬੇ ਬਕਾਲੇ ਇਕਾਂਤਵਾਸ ਹੋ ਕੇ ਪ੍ਰਭੂ ਸਿਮਰਨ ਵੀ ਭਵਿਖ ਦੇ ਕਿਸੇ ਵੱਡੇ ਇਨਕਲਾਬ ਦਾ ਅਗਾਊਂ ਮੁਢ ਬੰਨ੍ਹਣਾ ਹੀ ਕਿਹਾ ਜਾ ਸਕਦਾ ਹੈ। ਇਵੇਂ ਹੀ ਗੁਰੂ ਗੋਬਿੰਦ ਰਾਇ (ਦਸਵੇਂ ਗੁਰੂ ਸਾਹਿਬ) ਵਲੋਂ 'ਖਾਲਸਾ ਪੰਥ' ਦੀ ਸਿਰਜਣਾ ਤੋਂ ਪਹਿਲੇ ਨੈਂਣੇ ਟਿੱਲੇ ਉਤੇ ਇਕਾਂਤ-ਵਾਸ ਹੋ ਕੇ ਅਕਾਲ ਪੁਰਖ ਨਾਲ ਸੁਹਜ ਦੀਆਂ ਸਕੀਮਾਂ ਦੀ ਸਾਂਝ ਹੀ ਕਿਹਾ ਜਾ ਸਕਦਾ ਹੈ। ਜਦੋਂ ਕਿ ਬ੍ਰਾਹਮਣਾਂ ਦੇ ਪਾਜ ਨੂੰ ਹੀ ਖੋਲ੍ਹਣਾ ਜ਼ਰੂਰੀ ਸੀ, ਤਾਂ ਜੁ ਸਿੱਖ-ਸੰਗਤਾਂ ਨੂੰ ਕੋਈ ਭੁਲੇਖਾ ਨਾ ਰਹੇ ਕਿ ਬ੍ਰਾਹਮਣਾਂ ਦੀ ਦੇਵੀ ਪ੍ਰਗਟ ਕਿਉਂ ਨਹੀਂ ਹੋਈ।

ਸੋ ਹਰੇਕ ਵਸਤੂ ਦੀ ਪ੍ਰਾਪਤੀ ਲਈ ਉਸਦਾ ਮੁਲ ਤਾਰਨਾ ਹੀ ਪੈਂਦਾ ਹੈ। ਬਿਨਾਂ ਮੁਲ ਤਾਰਿਆਂ ਮਿਲੀ ਕੋਈ ਵਸਤੂ ਮਨੁੱਖ ਪਾਸ ਪੱਕੇ ਤੌਰ ਤੇ ਨਹੀਂ ਰਹਿੰਦੀ। ਇਸੇ ਕਰਕੇ ਹੀ ਗੁਰੂ ਨਾਨਕ ਜੀ ਨੇ ਅਰੰਭ ਵਿਚ ਹੀ ਤਿੰਨ ਗੱਲਾਂ ਨੂੰ 'ਸਿਖ ਪੰਥ' ਦਾ ਆਧਾਰ ਨੀਯਤ ਕੀਤਾ : ਕਿਰਤ ਕਰਨੀ (ਨਿਰਬਾਹ ਲਈ), ਵੰਡ ਛਕਣਾ (ਮਨੁੱਖੀ ਸਮਾਜ ਦੀ ਸਾਂਝ ਲਈ) ਅਤੇ ਨਾਮ ਜਪਣਾ (ਬੇਅੰਤ ਪ੍ਰਭੂ ਪਾਸੋਂ ਅਨੰਤ ਸ਼ਕਤੀ ਦੀ ਪ੍ਰਾਪਤੀ ਲਈ)।



www.AKJ.Org

ਪਦਾਰਥਾਂ ਦੀ ਪਕੜ, ਲਾਲਸਾ ਅਤੇ ਮੌਤ ਦਾ ਸਹਿਮ, ਆਤਮਕ ਬਲ ਦੀ ਪ੍ਰਾਪਤੀ ਬਿਨਾਂ ਦੂਰ ਨਹੀਂ ਹੋ ਸਕਦੀ। ਆਤਮਕ ਬਲ ਲਈ ਲਗਾਤਾਰ ਨਾਮ ਸਿਮਰਨ, ਅਭਿਆਸ ਦੀ ਕਮਾਈ ਦੀ ਲੋੜ ਹੈ। ਅੰਮ੍ਰਿਤ ਛਕ ਕੇ ਵੀ ਅੰਦਰਲੀ ਤੇ ਬਾਹਰਲੀ ਰਹਿਤ ਰਖਣੀ ਜ਼ਰੂਰੀ ਹੁੰਦੀ ਹੈ, ਨਹੀਂ ਤਾਂ 'ਸੋਮੇ ਨਾਲੋਂ' ਸਬੰਧ ਟੁੱਟ ਜਾਂਦੇ ਹਨ। ਮੈਸਮੇਰਿਜ਼ਮ ਲਈ ਵੀ ਲਗਾਤਾਰ ਅਭਿਆਸ ਦੀ ਲੋੜ ਪੈਂਦੀ ਹੈ, ਪਰ ਆਤਮਕ ਸ਼ਕਤੀ ਲਈ ਤਾਂ ਹੋਰ ਵੀ ਲੰਮੇ ਸਮੇਂ ਦੇ ਅਭਿਆਸ ਦੀ ਲੋੜ ਹੈ।

ਰਾਜਸੀ ਪੱਖ ਨੂੰ ਪਹਿਲ ਦੇ ਕੇ ਅਜ ਸਿੱਖ ਸਮਾਜ ਵਿਚ ਜਿਨ੍ਹਾਂ ਲੋਕਾਂ ਨੇ ਧਰਮ ਦੀ ਕੰਧ ਉਹਲੇ ਰਾਜਸੀ ਸੱਤਾਹ ਨੂੰ ਹਥਿਆਉਣ ਲਈ ਘਾਤ ਲਾਈ ਹੋਈ ਹੈ, ਅਸਲ ਵਿਚ ਸਿੱਖ ਧਰਮ ਦੀ ਹਾਨੀ ਲਈ ਉਹੀ ਲੋਕ ਜ਼ਿੰਮੇਵਾਰ ਹਨ, ਜੋ ਧਰਮ ਤੇ ਸਿਆਸਤ ਇਕ ਹੋਣ ਦਾ ਨਾਜਾਇਜ਼ ਨਿਜੀ ਲਾਭ ਲੈਣਾ ਲੋਚਦੇ ਹਨ। ਧਰਮ ਨੂੰ ਜੀਵਨ-ਆਧਾਰ ਬਣਾਏ ਬਿਨਾਂ, ਨਾ ਧਰਮ ਪੱਲੇ ਰਹੇਗਾ ਨਾ ਰਾਜਸੀ ਸ਼ਕਤੀ ਹੀ ਟਿਕੀ ਰਹਿ ਸਕੇਗੀ।

ਆਤਮਕ ਬਲ ਕਰਕੇ ਹੀ ਸਿੱਖ ਮੌਤ ਤੋਂ ਬੇ-ਪਰਵਾਹ ਹੋ ਕੇ ਜ਼ਾਲਮਾਂ ਨਾਲ ਟੱਕਰਾਂ ਲੈਂਦੇ ਰਹੇ। ਆਪਣੀ ਘੱਟ-ਗਿਣਤੀ ਵਲ ਨਹੀਂ ਸੀ ਸੋਚਿਆ, ਸਗੋਂ ਆਤਮਕ ਬਲ ਦੇ ਸਹਾਰੇ ਵੱਡੇ ਵੱਡੇ ਹੰਕਾਰੀ ਜ਼ਾਲਮਾਂ ਦਾ ਅੰਤ ਕੀਤਾ। ਇਸੇ ਆਤਮਕ ਬਲ ਦਾ ਸਦਕਾ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਦਿਤੇ ਬਚਨਾਂ ਸਦਕਾ ਬੰਦਾ ਸਿੰਘ ਬਹਾਦਰ ਨੇ ਇਕ ਇਤਿਹਾਸਕ ਚਮਤਕਾਰਾ ਕਰ ਕੇ ਵਿਖਾ ਦਿਤਾ।

ਅਜ ਵੀ ਸਿੱਖ ਕੌਮ ਨੂੰ ਆਪਣੇ ਵਿਚ ਆਤਮਕ ਬਲ ਦੀ ਭਰਪੂਰਤਾ ਦੀ ਲੋੜ ਹੈ। ਆਤਮਕ ਬਲ ਤੋਂ ਹੀਣੇ ਹੋਣ ਕਰਕੇ ਹੀ ੧੯੪੭ ਵਿਚ ਸਿੱਖਾਂ ਨੇ ਬਹੁਤ ਵੱਡਾ ਧੋਖਾ ਖਾਧਾ, ਕਿਉਂਕਿ ਸਿੱਖਾਂ ਦਾ ਨਾ ਹਿੰਦੂ ਵੈਰੀ ਹੈ ਨਾ ਹੀ ਮੁਸਲਮਾਨ। ਪਰ ਸਿੱਖਾਂ ਨੇ ਧਰਮ ਅਤੇ ਸਿਆਸਤ ਦੀ ਸਹੀ ਪਛਾਣ ਨਾ ਕਰਨ ਕਰਕੇ ਉਦੋਂ ਮੁਸਲਮਾਨਾਂ ਨੂੰ ਆਪਣੇ ਦੁਸ਼ਮਨ ਅਤੇ ਹਿੰਦੂਆਂ ਨੂੰ ਮਿੱਤਰ ਸਮਝ ਕੇ ਰਾਜਸੀ ਪੈਂਤੜੇ ਖੇਡੇ ਅਤੇ ਅਜ ਤੀਕ ਸਾਰੀ ਕੌਮ ਖੱਜਲ ਖੁਆਰੀ ਝਲ ਰਹੀ ਹੈ।

੧੯੪੭ ਤੋਂ ਪਿਛੋਂ ਸਿੱਖ ਕੌਮ ਦੇ ਮੁਖੀਆਂ ਨੇ ਹਿੰਦੂਆਂ ਨਾਲ ਸਾਂਝ ਪਾ ਕੇ ਮੁਸਲਮਾਨਾਂ ਨਾਲ ਵੈਰ ਪਾ ਕੇ ਵੀ ਸਿੱਖ ਕੌਮ ਦੇ 'ਆਤਮਕ ਬਲ' ਵਲ ਪੂਰਾ ਧਿਆਨ ਦੇਣ ਦੀ ਬਜਾਇ ਕੇਵਲ ਰਾਜਸੀ ਪੈਂਤੜੇ ਅਤੇ ਨਿਗੂਣੀਆਂ ਚੌਧਰਾਂ ਵਿਚ ਹੀ ਮਸਤ ਹੋਣਾ ਠੀਕ ਸਮਝਿਆ। ਪਰ ਨਿਰੇ ਰਾਜਸੀ ਪੈਂਤੜੇ ਬਹੁ-ਸੰਮਤੀ ਹਿੰਦੂ ਕੌਮ ਅਗੇ ਕਿਵੇਂ ਸਫਲ ਹੋ ਸਕਦੇ ਸਨ?

ਆਤਮਕ ਬਲ ਤੋਂ ਹੀਣੇ ਮਨੁੱਖਾਂ ਨੂੰ ਰਾਜ ਸੱਤਾਹ ਨਾਲ ਡਰਾਇਆ ਜਾਂ ਲਾਲਚ ਵਿਚ ਲਿਆ ਕੇ ਖ਼ਤਮ ਕੀਤਾ ਜਾ ਸਕਦਾ ਹੈ, ਸਰੀਰਕ ਤੌਰ ਪਰ ਵੀ ਖ਼ਤਮ ਕਰ ਕੇ ਭੋਗ ਪਾਇਆ ਜਾ ਸਕਦਾ ਹੈ। ਪਰ ਕੋਈ ਵੀ ਰਾਜਸੀ ਸੱਤਾਹ ਅਜ ਤੀਕ ਕਿਸੇ ਆਤਮਕ ਬਲ ਦੇ ਸੂਰੇ ਸੰਤ ਸਿਪਾਹੀ ਨੂੰ ਡਰਾ ਕੇ ਜਾਂ ਲਾਲਚ ਵਿਚ ਲਿਆ ਕੇ ਡੇਗ ਨਹੀਂ ਸਕੀ। ਜੇਕਰ ਅਜਿਹੇ 'ਸੂਰਮੇ' ਨੂੰ ਸਰੀਰ ਕਰਕੇ ਖ਼ਤਮ ਕੀਤਾ ਗਿਆ ਤਾਂ ਉਸਦਾ ਅਸਰ ਜੋ ਵੀ ਅਜ ਤੀਕ ਨਿਕਲਿਆ ਜਾਂ ਹੋਇਆ ਹੈ, ਉਹ ਇਤਿਹਾਸ ਤੋਂ ਕਿਸੇ ਵੇਲੇ ਵੀ ਪੁਛਿਆ ਜਾ ਸਕਦਾ ਹੈ ਕਿ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਪਿਛੋਂ ਜ਼ਾਲਮ ਹਕੂਮਤ ਨਾਲ ਸਿੱਧੀ ਟੱਕਰ ਆਰੰਭ ਹੋਈ। ਗੁਰੂ ਤੇਗ ਬਹਾਦਰ ਜੀ ਦੇ ਸਰੀਰ ਦੇ ਅੰਤ ਪਿਛੋਂ ਜ਼ੁਲਮ ਕਰਨ ਵਾਲਿਆਂ ਦੇ ਰਾਜ ਦਾ ਨਿਘਾਰ ਸ਼ੁਰੂ ਹੋ ਗਿਆ ਅਤੇ 'ਖਾਲਸਾ ਪੰਥ' ਪ੍ਰਗਟ ਹੋ ਕੇ ਮੈਦਾਨ ਵਿਚ ਆਇਆ। ਜ਼ਾਲਮ ਦੇ ਘਰ ਵਿਚ ਖ਼ਾਨਾ ਜੰਗੀ ਹੋ ਗਈ ਅਤੇ ਹੌਲੀ ਹੌਲੀ ਅੰਤ ਵੀ।

ਬਾਲ ਉਮਰੇ ਛੋਟੇ ਸਾਹਿਬਜ਼ਾਦੇ ਅਤੇ ਮਾਤਾ ਗੁਜਰੀ ਜੀ ਦੀ ਸ਼ਹੀਦੀ ਪਿਛੋਂ ਸੂਬੇ ਸਰਹੰਦ ਨਾਲ ਜੋ ਬੰਦਾ ਸਿੰਘ ਬਹਾਦਰ ਰਾਹੀਂ ਹੋਈ, ਉਹ ਸਭ ਨੂੰ ਹੀ ਪਤਾ ਹੈ। ਸੋ ਅਜ ਵੀ ਕੌਮ ਅੰਦਰ ਸੁੱਤੇ ਪਏ ਧਰਮ ਨੂੰ ਜਗਾਉਣ ਦੀ ਲੋੜ ਹੈ। ਜਦੋਂ ਧਰਮ ਜਾਗ ਉਠਦਾ ਹੈ ਤਾਂ ਕੌਮ ਦੇ ਅੰਗ ਅੰਗ ਨੂੰ ਸੁਰਜੀਤ ਕਰ ਦਿੰਦਾ ਹੈ। ਜਿਵੇਂ ਰੂਹ ਕੇਵਲ ਦਿਮਾਗ ਜਾਂ ਮਨੁੱਖ ਦੇ ਹਿਰਦੇ ਵਿਚ ਹੀ ਨਹੀਂ, ਸਗੋਂ ਉਂਗਲਾਂ ਦੇ ਪੋਟਿਆਂ ਤੀਕ ਰਮੀ ਹੋਈ ਹੁੰਦੀ ਹੈ। ਧਰਮ ਦੇ ਜਾਗਣ ਨਾਲ ਕੌਮ ਦੀਆਂ ਆਤਮਕ ਰੁਚੀਆਂ ਹੀ ਪ੍ਰਫੁੱਲਤ ਨਹੀਂ ਹੁੰਦੀਆਂ, ਸਗੋਂ ਸਰੀਰਕ ਅਤੇ



www.AKJ.Org

ਦਿਮਾਗ਼ੀ ਰੁਚੀਆਂ ਵੀ। ਆਰਥਕ ਅਤੇ ਸਾਹਿਤਕ ਰੁਚੀਆਂ ਦੇ ਨਾਲ ਹੀ ਸਿਆਸੀ ਜ਼ਿੰਦਗੀ ਵੀ ਨਵੀਂ ਕਰਵਟ ਲੈਂਦੀ ਹੈ। ਅਜਿਹਾ ਧਰਮ ਹੀ ਕੌਮ ਦੇ ਪ੍ਰਮਾਰਥ ਨੂੰ ਸੁਆਰਦਾ ਹੈ ਅਤੇ ਸੰਸਾਰ ਦੇ ਹਾਣ ਲਾਭ ਨੂੰ ਵੀ ਧਿਆਨ ਵਿਚ ਰਖਦਾ ਹੈ। ਇਕ ਵਿਦਵਾਨ ਦੇ ਉਪਰੋਕਤ ਵਿਚਾਰ ਸਾਨੂੰ ਅਜ ਵੀ ਝੰਜੋੜਦੇ ਹਨ।

ਨਿਰੇ ਸਿਆਂਸੀ ਮਨੁੱਖ ਆਪਣੇ ਬਚਨਾਂ ਤੋਂ ਪਿਛੇ ਹਟ ਜਾਂਦੇ ਹਨ, ਮੁਕਰ ਜਾਂਦੇ ਹਨ। ਜਿਵੇਂ ਮਹਾਤਮਾ ਗਾਂਧੀ ਨੇ ਕਿਹਾ ਸੀ ਕਿ ਪਾਕਿਸਤਾਨ ਮੇਰੀ ਲਾਸ਼ ਤੇ ਬਣੇਗਾ। ਗਾਂਧੀ ਦੀ ਲਾਸ਼ ਬਾਅਦ ਵਿਚ ਬਣੀ ਪਰ ਪਾਕਿਸਤਾਨ ਪਹਿਲਾਂ। ਇਵੇਂ ਹੀ ਦਰਬਾਰਾ ਸਿੰਘ ਨੇ ਕਿਹਾ ਸੀ ਕਿ ਪੰਜਾਬੀ ਸੂਬਾ ਸਾਡੀ ਲਾਸ਼ ਤੇ ਬਣੇਗਾ, ਪਰ ਪੰਜਾਬੀ ਸੂਬੇ ਬਣਨ ਪਿਛੋਂ ਵੀ ਉਸਦੀ ਜਿਉਂਦੀ ਲਾਸ਼ ਅਜ ਵੀ ਤੁਰੀ ਫਿਰਦੀ ਹੈ। ਸੋ ਆਤਮਕ ਬਲ ਬਿਨਾਂ ਨਿਰੀ ਸਿਆਸਤ ਤਾਂ ਸ਼ੈਤਾਨਾਂ ਦਾ ਕੰਮ ਹੈ।

ਧਰਮ ਇਕ ਵਿਸ਼ਵਾਸ ਹੈ ਤੇ ਸਿਆਸਤ ਵਿਚ 'ਸ਼ਕ' ਹੁੰਦਾ ਹੈ। ਇਸ ਸ਼ਕ ਨੂੰ ਵਿਸ਼ਵਾਸ ਵਿਚ ਬਦਲਣ ਲਈ ਹੀ ਸਿੱਖ ਨੇ ਪਹਿਲਾਂ ਧਰਮੀ ਬਣਨਾ ਤੇ ਰਹਿਣਾ ਹੈ, ਸਿੱਖੀ ਕਮਾਉਣੀ ਹੈ। ਕਿਸੇ ਵੀ ਆਤਮਕ ਰਸੀਏ ਸਿੱਖ (ਸੰਤ ਸਿਪਾਹੀ) ਨੂੰ ਕਦੀ ਵੀ ਰਾਜਨੀਤਕ ਧੋਖਾ ਨਹੀਂ ਦੇ ਸਕਿਆ ਤੇ ਨਾ ਹੀ ਦੇ ਸਕਦਾ ਹੈ। ਕੋਈ ਵੀ ਧਰਮੀ ਨਾ ਧੋਖਾ ਕਰਦਾ ਹੈ ਨਾ ਖਾਂਦਾ ਹੈ। ਪਰ ਰਾਜਨੀਤਕ ਲੋਕ ਧੋਖੇ ਕਰਦੇ ਵੀ ਹਨ ਤੇ ਖਾਂਦੇ ਵੀ ਹਨ। ਭਾਵੇਂ ਧਰਮੀਆਂ ਨੂੰ ਸਰੀਰਕ ਤੌਰ ਤੇ ਖ਼ਤਮ ਕਰਕੇ ਰਾਜਸੀ ਜ਼ਾਲਮਾਂ ਨੇ ਆਪਣੀ ਜਿਤ ਸਮਝਿਆ। ਪਰੰਤੂ ਉਸ ਪਿਛੋਂ ਉਭਰਿਆ ਆਤਮਕ ਬਲ ਜਦੋਂ ਸ਼ਸਤਰਧਾਰੀ ਹੋ ਕੇ ਜ਼ਾਲਮ ਦੇ ਟਾਕਰੇ ਲਈ ਸਾਹਮਣੇ ਆਇਆ, ਫਿਰ ਜ਼ਾਲਮ ਟਿਕ ਨਾ ਸਕੇ। ਇਤਿਹਾਸ ਜ਼ਾਮਨ ਹੈ।

ਅਜ ਸਭ ਤੋਂ ਵੱਡੀ ਲੋੜ ਹੈ ਸਿੱਖ ਕੌਮ ਅੰਦਰ ਸੁੱਤਾ ਪਿਆ ਧਰਮ ਜਗਾਉਣ ਦੀ। ਜਿਸ ਨਾਲ ਆਤਮਕ ਬਲ ਮਿਲੇਗਾ ਅਤੇ ਜਿਸ ਬਲ ਦੇ ਸਦਕੇ ਸਾਰੇ ਬੰਧਨ ਟੁੱਟਣੇ ਹਨ। ਗੁਰੂ ਸਾਹਿਬ ਜੀ ਨੇ ਸਾਨੂੰ ਸੇਧ ਦਿੱਤੀ ਹੋਈ ਹੈ, ਪਰ ਲੋੜ ਉਸ ਉਤੇ ਅਮਲ ਕਰਨ ਦੀ ਹੈ। ਅੱਜ ਵੀ ਖਾਲਸਾ-ਪੰਥ ਦੀ ਚੜ੍ਹਦੀ ਕਲਾ ਲਈ ਸੋਚਵਾਨ ਸਾਰੀਆਂ ਹੀ ਸਿੱਖ ਜਥੇਬੰਦੀਆਂ ਨੂੰ ਇਸ ਪਾਸੇ ਉਚੇਰਾ ਧਿਆਨ ਦੇਣਾ ਚਾਹੀਦਾ ਹੈ। ਜੋ ਸ਼ਕਤੀ ਅਤੇ ਸਮਾਂ ਇਕ ਦੂਜੇ ਦੀਆਂ ਲੱਤਾਂ ਖਿਚਣ ਅਤੇ ਨਿੰਦਾ ਵਿਰੋਧ ਉਤੇ ਲਗ ਰਿਹਾ ਹੈ, ਉਸਨੂੰ ਜਿਹੜੀ ਵੀ ਜਥੇਬੰਦੀ ਆਤਮਕ ਬਲ ਦੀ ਪ੍ਰਾਪਤੀ ਲਈ ਵਰਤਣ ਦਾ ਉਪਰਾਲਾ ਕਰ ਲਵੇਗੀ, ਉਹੀ ਖਾਲਸਾ ਪੰਥ ਵਿਚ ਅਤਿ ਸਤਿਕਾਰ ਪ੍ਰਾਪਤ ਕਰ ਕੇ ਖਾਲਸਾ ਪੰਥ ਲਈ ਕੁਝ ਕਰਨ ਦੇ ਸਮਰੱਥ ਹੋ ਸਕੇਗੀ। ਅੰਤ ਵਿਚ ਭੁੱਲ ਚੁਕ ਲਈ ਖਿਮਾ ਦਾ ਜਾਚਕ ਹਾਂ।

# ਜੰਮੂ ਕਸ਼ਮੀਰ ਦੇ ਸਿਖਾਂ ਦੀ ਸੁਣੋ

"ਪੰਜਾਬ ਦੇ ਮੌਜੂਦਾ ਹਾਲਾਤ ਕਾਰਨ ਹੁਣ ਪੰਜਾਬ ਤੋਂ ਬਾਹਰ ਦੂਜੇ ਸੂਬਿਆਂ ਵਿਚ ਵਸਦੇ ਸਿਖਾਂ ਨੂੰ ਵੀ ਗਿਣੀ ਮਿਥੀ ਸਾਜ਼ਸ਼ ਅਧੀਨ ਬਿਨਾ ਵਜਾਹ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ। ਇਸ ਦਾ ਪਰਤੱਖ ਸਬੂਤ ਇਹ ਹੈ ਕਿ ਪਿਛਲੇ ਦਿਨੀਂ ਵੇਅਰ ਹਾਊਸ ਜੰਮੂ ਵਿਖੇ ਇਕ ਬੈਂਕ ਵਿਚ ਡਾਕਾ ਪਿਆ। ਇਥੋਂ ਦੀ ਪੁਲੀਸ ਸਹੀ ਮੁਲਜ਼ਮਾਂ ਨੂੰ ਤਾਂ ਪਕੜ ਨਹੀਂ ਸਕੀ, ਪਰ ਇਸੇ ਆੜ ਵਿਚ ਸਿਖਾਂ ਨੂੰ ਬੁਰੀ ਤਰ੍ਹਾਂ ਪ੍ਰੇਸ਼ਾਨ ਕਰ ਰਹੀ ਹੈ। ਬੱਸਾਂ, ਟਰੱਕਾਂ, ਮੈਟਾਡੋਰਾਂ, ਸਕੂਟਰਾਂ ਤੇ ਕਾਰਾਂ ਤੋਂ ਸਿਖਾਂ ਨੂੰ ਜ਼ਬਰਦਸੀ ਉਤਾਰ ਕੇ ਥਾਣਿਆਂ ਵਿਚ ਬੰਦ ਕੀਤਾ ਜਾ ਰਿਹਾ ਹੈ। ਇਸ ਦਾ ਕਾਰਨ– 'ਅਖੇ ਬੈਂਕ ਲੁਟਣ ਵਾਲੇ ਸਿਖ ਸਨ।'

"ਇਕ ਬਹੁ-ਗਿਣਤੀ ਵਾਲੀ ਕੌਮ ਨਾਲ ਸੰਬੰਧਤ ਪਾਰਲੀਮੈਂਟ ਵਿਚ ਉਚ ਪਦਵੀਆਂ ਉਤੇ ਬੈਠੇ ਉਹ ਲੋਕ, ਜਿਨ੍ਹਾਂ ਨੇ ਦੇਸ਼ ਨਾਲ ਗਦਾਰੀ ਕਰ ਕੇ, ਦੇਸ਼ ਦੇ ਸਾਰੇ ਖੁਫ਼ੀਆ ਰੀਕਾਰਡ ਬਾਹਰਲੇ ਮੁਲਕਾਂ ਨੂੰ ਵੇਚੇ, ਕੀ ਉਨ੍ਹਾਂ ਦੀ ਇਸ ਕਾਲੀ ਕਰਤੂਤ ਕਰਕੇ ਸਾਰੀ ਹਿੰਦੂ ਕੌਮ ਨੂੰ ਇਸ ਲਪੇਟ ਵਿਚ ਲਿਆ ਗਿਆ? ਜੇ ਨਹੀਂ ਤਾਂ ਪ੍ਰਤੀ ਦਿਨ ਵਾਪਰ ਰਹੀਆਂ ਘਟਨਾਵਾਂ ਸਿਖ ਕੌਮ ਨਾਲ ਜੋੜ ਕੇ, ਸਮੁਚੀ ਕੌਮ ਨੂੰ ਕਿਉਂ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ?"

'ਸਿਖ ਸੰਦੇਸ਼' ਜੰਮੂ (ਸੰਪਾਦਕੀ), ਜੁਲਾਈ ੮੬



www.AKJ.Org

# ਹਉਮੈ ਕਿ ਸੁਆਰਥ ?

[ਪ੍ਰੋਫੈਸਰ ਸਾਹਿਬ ਸਿੰਘ ਜੀ ਡੀ. ਇਟ]

'ਹਉਮੈ' ਦੋ ਲਫ਼ਜ਼ਾਂ ਦਾ ਜੋੜ ਹੈ 'ਹਉ' ਅਤੇ 'ਮੈਂ'। 'ਹਉ' ਸੰਸਕ੍ਰਿਤ ਦੇ ਲਫ਼ਜ਼ 'ਅਹੰ' ਦਾ ਪ੍ਰਾਕ੍ਰਿਤ ਰੂਪ ਹੈ, ਜਿਸ ਦਾ ਅਰਥ ਹੈ 'ਮੈਂ'। ਸੋ, 'ਹਉਮੈ' ਦਾ ਅਰਥ ਹੈ 'ਮੈਂ ਮੈਂ'। ਹਰ ਗੱਲੇ, ਹਰ ਥਾਂ, ਹਰ ਵੇਲੇ ਇਹ ਖ਼ਿਆਲ ਟਿਕਿਆ ਰਹਿਣਾ ਕਿ "ਮੈਂ ਵੱਡਾ ਬਣ ਜਾਵਾਂ, ਮੈਂ ਅਮੀਰ ਹੋ ਜਾਵਾਂ, ਇਸ ਕੰਮ ਵਿਚੋਂ ਮੈਂ ਹੀ ਖੱਟ ਲਵਾਂ, ਮੈਂ ਹੀ ਮੈਂ, ਮੈਂ ਹੀ ਮੈਂ"। ਭਾਵ ਸੁਆਰਥ, ਖ਼ੁਦਗਰਜ਼ੀ। ਜਿਸ ਮਨੁੱਖ ਨੇ ਸੁਆਰਥ ਨੂੰ ਹੀ ਜੀਵਨ ਦਾ ਨਿਸ਼ਾਨਾ ਬਣਾ ਲਿਆ ਹੋਵੇ, ਉਹ ਕੁਦਰਤੀ ਤੌਰ ਤੇ ਵਿਤਕਰਿਆਂ ਵਿਚ ਫਸ ਜਾਂਦਾ ਹੈ, ਦੂਜਿਆਂ ਦਾ ਨੁਕਸਾਨ ਕਰ ਕੇ ਭੀ ਆਪਣਾ ਲਾਭ ਸੋਚਦਾ ਹੈ।

ਟੱਬਰ, ਕੌਮ, ਦੇਸ, ਦੁਨੀਆ, ਕਿਤੇ ਭੀ ਧਿਆਨ ਮਾਰ ਕੇ ਵੇਖ ਲਵੋ, ਹਰ ਥਾਂ ਸੁਆਰਥ ਹੀ ਵੈਰ ਵਿਰੋਧ ਦਾ ਮੂਲ ਹੈ। ਇਕੋ ਘਰ ਦੇ ਜੀਵ ਖ਼ੁਦਗ਼ਰਜ਼ੀ ਦੇ ਕਾਰਨ ਵੈਰੀ ਬਣ ਜਾਂਦੇ ਹਨ। ਇਕੋ ਕੌਮ ਦੇ ਬੰਦੇ, ਇਕ ਦੇਸ ਦੇ ਵਸਨੀਕ ਇਕ ਦੂਜੇ ਦੇ ਲਹੂ ਦੇ ਤ੍ਰਿਹਾਏ ਹੋ ਜਾਂਦੇ ਹਨ। ਦੇਸ ਦੇਸ ਦੀ ਆਪੋ ਵਿਚ ਟੱਕਰ ਲੱਗ ਜਾਂਦੀ ਹੈ। ਇਹ ਸੁਆਰਥ ਦੁਨੀਆ ਨੂੰ ਨਰਕ ਬਣਾ ਦੇਂਦਾ ਹੈ। ਸੁਆਰਥੀ ਬੰਦਾ ਦੂਜਿਆਂ ਨੂੰ ਭੀ ਦੁਖੀ ਕਰਦਾ ਹੈ, ਤੇ ਆਪ ਭੀ ਸੁਖੀ ਨਹੀਂ ਰਹਿ ਸਕਦਾ।......

'ਹਉਮੈ' ਹੀ ਜਗਤ ਦੇ ਦੁਖਾਂ ਦਾ ਮੂਲ ਕਾਰਨ ਹੈ। 'ਹਉਮੈ' ਨੂੰ ਤਿਆਗਣਾ ਹੈ ਦੁਖਾਂ ਤੋਂ ਬਚਣ ਲਈ। ਪਰ ਨਿਰੇ ਤਿਆਗ ਨਾਲ ਕੀ ਬਣੇ? ਅਸਲ ਨਿਸ਼ਾਨਾ ਹੈ ਮਨ ਦੀ ਸ਼ਾਂਤੀ, ਮਨ ਦਾ ਸਦੀਵੀ ਸੁਖ। ਸੁਖ ਸ਼ਾਂਤੀ ਦਾ ਸੋਮਾ ਹੈ ਪਰਮਤਾਮਾ। ਸੋ ਨਰਕੀ ਜੀਵਨ ਤੋਂ ਬਚਣ ਲਈ ਪਰਮਾਤਮਾ ਵਿਚ ਮਿਲੇ ਰਹਿਣਾ ਜ਼ਰੂਰੀ ਸ਼ਰਤ ਹੈ। ਪਰ ਪੂਰਨ ਮਿਲਾਪ ਸਿਰਫ਼ ਉਹਨਾਂ ਪਦਾਰਥਾਂ ਦਾ ਹੀ ਹੋ ਸਕਦਾ ਹੈ ਜਿਨ੍ਹਾਂ ਦਾ ਅਸਲਾ ਇਕੋ ਹੋਵੇ। ਪਾਣੀ ਤੇ ਤੇਲ ਨੂੰ ਬੋਤਲ ਵਿਚ ਪਾ ਕੇ ਕਿਤਨਾ ਹੀ ਹਿਲਾਈਏ, ਫਿਰ ਭੀ ਉਹ ਵੱਖ ਵੱਖ ਹੀ ਰਹਿਣਗੇ। ਪਰਮਾਤਮਾ ਹੈ ਸਾਰੇ ਜੀਵਾਂ ਨੂੰ ਪਿਆਰ ਕਰਨ ਵਾਲਾ, ਅਸੀਂ ਹਾਂ ਸਿਰਫ਼ ਆਪਣੇ ਆਪ ਨੂੰ ਪਿਆਰ ਕਰਨ ਵਾਲੇ। ਉਹ ਹੈ ਸਰਬ-ਪ੍ਰਿਯ, ਅਸੀ ਹਾਂ ਸ੍ਵੈ-ਪ੍ਰਿਯ। ਉਹ ਹੈ ਅਲਗ਼ਰਜ਼, ਅਸੀ ਹਾਂ ਖ਼ੁਦ-ਗ਼ਰਜ਼। ਖ਼ੁਦਗਰਜ਼ ਤੇ ਅਲ-ਗਰਜ਼ ਇਕ-ਜਾਨ ਕਿਵੇਂ ਹੋ ਸਕਣ!

ਹਉਮੈ ਨਾਵੈ ਨਾਲਿ ਵਿਰੋਧੁ ਹੈ, ਦੁਇ ਨ ਵਸਹਿ ਇਕ ਠਾਇ ॥

ਫਿਰ, ਮੇਲ ਦਾ ਕੋਈ ਤਰੀਕਾ? ਹਾਂ, ਪਾਣੀ ਬਣ ਕੇ ਹੀ ਪਾਣੀ ਵਿਚ ਇੱਕ-ਜਾਨ ਹੋਇਆ ਜਾ ਸਕਦਾ ਹੈ। ਸਾਡਾ ਤੇ ਪ੍ਰਭੂ ਦਾ ਸੁਭਾਵ ਰਲਿਆਂ ਹੀ ਅਸੀ ਉਸ ਵਿਚ ਇਕ-ਮਿਕ ਹੋ ਸਕਦੇ ਹਾਂ। ਆਪਣੇ ਆਪ ਨੂੰ ਪਿਆਰਨਾ ਛੱਡ ਦੇਈਏ, ਪਰਮਾਤਮਾ ਵਾਂਗ ਸਾਰੀ ਸ੍ਰਿਸ਼ਟੀ ਨੂੰ ਪਿਆਰਨ ਲਗ ਪਈਏ। ਕੋਈ ਐਸਾ ਪ੍ਰਬੰਧ ਬਣੇ ਕਿ ਸਾਰਾ ਹੀ ਜਗਤ ਪ੍ਰਭੂ-ਪਿਤਾ ਦਾ ਇਕੋ ਟੱਬਰ ਦਿੱਸਣ ਲਗ ਪਏ। ਸੁਭਾਉ ਰਲਾਣ ਦਾ ਇਕੋ ਇਕ ਤਰੀਕਾ ਹੈ, ਤੇ ਉਹ ਹੈ ਪਿਆਰ। ਜਿਸ ਨਾਲ ਡੂੰਘਾ ਪਿਆਰ ਪੈ ਜਾਏ, ਉਸ ਨਾਲ ਸੁਭਾਉ ਭੀ ਮਿਲ ਜਾਂਦਾ ਹੈ। ਪਰ ਇਹ ਡੂੰਘਾ ਪਿਆਰ ਕਿਵੇਂ ਪਏ? ਜਿਸ ਨਾਲ ਪਿਆਰ ਹੋਵੇ, ਉਸ ਨੂੰ ਯਾਦ ਕਰਨ ਤੋਂ ਬਿਨਾ ਰਹਿ ਨਹੀਂ ਸਕੀਦਾ। ਜਿਉਂ ਜਿਉਂ ਮੁੜ ਮੁੜ ਕਿਸੇ ਨੂੰ ਯਾਦ ਕਰਦੇ ਰਹੀਏ, ਤਿਉਂ ਤਿਉਂ ਉਸ ਨਾਲ ਪਿਆਰ ਵਧਦਾ ਜਾਂਦਾ ਹੈ। ਯਾਦ ਤੇ ਪਿਆਰ, ਪਿਆਰ ਤੇ ਯਾਦ–ਇਨ੍ਹਾਂ ਦੀ ਆਪੋ ਵਿਚ ਡੂੰਘੀ ਸਾਂਝ ਹੈ। ਪਰਮਾਤਮਾ ਦੀ ਯਾਦ ਪਰਮਾਤਮਾ ਨਾਲ ਪਿਆਰ ਪਾਏਗੀ। ਪਿਆਰ ਉਸ ਨਾਲ ਸਾਡਾ ਸੁਭਾਉ ਮਿਲਾਏਗਾ। ਅਸੀ ਖ਼ੁਦਗਰਜ਼ੀ ਵਲੋਂ ਹਟ ਕੇ ਸਾਰੇ ਜਗਤ ਨੂੰ ਇਕ ਦਾ ਟੱਬਰ ਸਮਝ ਕੇ ਸਾਰੇ ਜਗਤ ਨਾਲ ਪਿਆਰ ਕਰਨ ਲਗ ਪਵਾਂਗੇ। ਬੱਸ, ਸੁਭਾਉ ਮਿਲ ਗਿਆ ਤਾਂ ਇਕ ਹੋ ਗਏ :–

ਜਿਉ ਜਲ ਮਹਿ ਜਲੁ ਆਇ ਖਟਾਨਾ ॥ ਤਿਉ ਜੋਤੀ ਸੰਗਿ ਜੋਤਿ ਸਮਾਨਾ ॥

ਸੋ, ਗੁਰੂ ਨਾਨਕ ਦੇਵ ਜੀ ਦਾ ਇਹ ਮਾਰਗ ਹੈ ਕਿ ਗ੍ਰਿਹਸਤ ਵਿਚ ਰਹਿੰਦੇ ਹੋਏ ਖ਼ਲਕਤ ਵਾਸਤੇ ਜੀਵੀਏ। ਖ਼ਲਕਤ ਨਾਲ ਪਿਆਰ ਖ਼ਾਲਕ ਨਾਲ ਪਿਆਰ ਪਾਇਆਂ ਹੀ ਬਣ ਸਕਦਾ ਹੈ। ['ਸਿਧ ਗੋਸਟਿ ਵੀਚਾਰ' ਵਿਚੋਂ



www.AKJ.Org

# ਗੁਰਮਤਿ ਤੇ ਗੁਰਸਿੱਖੀ

(ਪ੍ਰੋਫੈਸਰ ਦੀਵਾਨ ਸਿੰਘ ਜੀ ਐਮ.ਏ. ਦੇ ਵਿਚਾਰ)

ਗੁਰਮਤਿ ਤੇ ਗੁਰਸਿੱਖੀ ਸਤਿਗੁਰੂ ਤੇ ਆਸ਼੍ਰਤ ਹਨ। ਇਨ੍ਹਾਂ ਦਾ ਪਰਸਪਰ ਭੇਦ ਪ੍ਰਾਪਤੀ ਅਤੇ ਸਾਧਨ ਦਾ ਹੈ। ਗੁਰਸਿੱਖੀ ਪ੍ਰਾਪਤੀ ਹੈ, ਮੰਨਜ਼ਲ ਹੈ ਤੇ ਗੁਰਮਤਿ ਸਾਧਨ ਹੈ, ਮਾਰਗ ਹੈ। ਗੁਰਸਿੱਖੀ ਆਸ਼ਾ ਹੈ ਜਾਂ ਸਿੱਟਾ ਹੈ, ਜਿਸਦਾ ਮੂਲ ਗੁਰਮਤਿ ਹੈ। ਗੁਰਮਤਿ ਕੁੰਜੀ ਹੈ, ਜਿਸ ਨਾਲ ਗੁਰਸਿੱਖੀ ਦੇ ਜੀਵਨ ਦਾ ਕਿਵਾੜ ਖੁਲ੍ਹਦਾ ਹੈ। ਸੋ ਗੁਰਮਤਿ ਪਹਿਲਾਂ ਹੈ ਤੇ ਗੁਰਸਿੱਖੀ ਪਿਛੋਂ। ਗੁਰਮਤਿ ਕਾਰਣ ਹੈ ਤੇ ਗੁਰਸਿੱਖੀ ਕਾਰਜ। ਗੁਰਮਤਿ 'ਗਿਆਨ ਅੰਜਨ' ਹੈ, ਜਿਸ ਨਾਲ ਅਗਿਆਨਤਾ ਦਾ ਅੰਨ੍ਹੇਰਾ ਦੂਰ ਹੁੰਦਾ ਤੇ ਸਿੱਧਾ ਜੀਵਨ-ਮਾਰਗ ਮਿਲਦਾ ਹੈ। ਗੁਰਸਿੱਖੀ ਹੈ ਏਸ ਰਾਹ ਤੇ ਟੁਰਨਾ।

ਗੁਰਮਤਿ ਤੇ ਗੁਰਸਿੱਖੀ ਨੂੰ ਸਤਿਗੁਰੂ ਤੋਂ ਵੱਖ ਨਹੀਂ ਕੀਤਾ ਜਾ ਸਕਦਾ, ਜਿਵੇਂ ਸੂਰਜ ਦੇ ਚਾਨਣ ਨੂੰ ਸੂਰਜ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਸਤਿਗੁਰੂ ਬਾਝ ਕੋਈ ਮਤਿ ਨਹੀਂ ਤੇ ਸਤਿਗੁਰੂ ਬਿਨਾ ਕੋਈ ਸਿੱਖੀ ਨਹੀਂ। ਸਤਿਗੁਰੂ ਤੇ ਪ੍ਰਭੂ (ਗੁਰ ਪਰਮੇਸ਼ਰ) ਨਿਰਗੁਣ ਤੇ ਸਰਗੁਣ ਦੋਹਾਂ ਸਰੂਪਾਂ ਵਿਚ ਅਭੇਦ ਹਨ। ਮੁਕਤ, ਜੁਗਤ, ਭੁਗਤ, ਸਿਖ, ਮਤਿ, ਬੁਧਿ, ਸਭ ਦਾ ਦਾਤਾ ਆਪ ਸਤਿਗੁਰੂ ਹੈ।

"ਸਿਖ ਮਤਿ ਸਭ ਬੁਧਿ ਤੁਮਾਰੀ ਮੰਦਿਰ ਛਾਵਾ ਤੇਰੇ ॥ (੭੯੫)

ਗੁਰਸਿੱਖੀ ਦੇ ਮਾਰਗ ਦਾ ਆਦਿ, ਮਧ, ਅੰਤ ਚਾਨਣ ਪਰਕਾਸ਼ ਗੁਰਮਤਿ ਦੇ ਆਸਰੇ ਹੈ। ਗੁਰਮਤਿ ਇਕ ਨਿਰੋਲ ਮਾਨਸਕ, ਬੋਧਕ ਜਾਂ ਅਧਿਆਤਮਕ ਅਨੁਭਵ ਹੀ ਨਹੀਂ, ਇਹ ਇਕ ਅਮਲੀ ਵਰਤਾਰਾ ਹੈ, ਜੀਵਨ ਕਲਾ ਹੈ, ਜੀਵਨ ਅਗਵਾਈ ਹੈ। ਇਹ ਗੁਰੂ ਤੋਂ ਪ੍ਰਾਪਤ ਹੋਈ ਇਕ ਦਾਤ ਹੈ, ਜਿਸਦਾ ਪਾਤਰ ਸੁਭਾਗਾ ਗੁਰਸਿੱਖ ਹੀ ਬਣ ਸਕਦਾ ਹੈ। ਹਰ ਇਕ ਮਨੁੱਖ ਇਸ ਦਾ ਪਾਤਰ ਨਹੀਂ।

"ਜਿਨ ਕਉ ਨਦਰਿ ਕਰਮੁ ਤਿਨ ਕਾਰ ॥" (ਜਪੁ ਜੀ, ਪੰਨਾ ੮)

ਗੁਰਮਤਿ ਨਿਰਾ ਅਨੁਭਵ ਨਹੀਂ, ਨਿਰਾ ਸਿਧਾਂਤ (ਥੀਊਰੀ) ਨਹੀਂ, ਗਿਆਨ ਦਰਸ਼ਨ ਨਹੀਂ, ਇਹ ਇਕ ਰਹਿਤ ਹੈ, ਮਾਰਗ ਹੈ, ਪੰਥ ਹੈ।

ਗੁਰਮਤਿ ਦੇ ਯੋਗ ਵਿਚਾਰ ਤੋਂ ਬਿਨਾਂ ਨਾ ਕੋਈ ਗੁਰਸਿੱਖੀ ਹੈ, ਨਾ ਕੋਈ ਗੁਰਸਿਖ ਹੈ, ਨਾ ਕੋਈ ਗੁਰਮਤਿ ਚਾਨਣ ਹੈ ਤੇ ਨਾ ਕੋਈ ਜੀਵਨ ਦਾ ਸਹੀ ਰਾਹ ਹੈ।

ਗੁਰਮਤਿ ਗਾਡੀ ਰਾਹ ਹੈ ਤੇ ਇਸ ਦਾ ਰਾਹੀ 'ਗੁਰਮੁਖ' ਹੈ, ਜੋ ਅਡੋਲ, ਅਚੂਕ, ਅਖੰਡ ਸਹਿਜ-ਸੁਭਾ ਚਲਣ ਵਾਲਾ ਗੁਰਸਿਖ ਹੋਵੇਗਾ। ਮਨਮੁਖ ਇਸ ਰਾਹ ਤੇ ਨਹੀਂ ਟੁਰ ਸਕਦਾ, ਜਿਵੇਂ ਚਾਨਣ ਤੇ ਹਨੇਰੇ ਦਾ ਇਕਰਾਹ ਨਹੀਂ। ਜਿੱਥੇ ਚਾਨਣ ਹੈ ਉੱਥੇ ਹਨੇਰਾ ਨਹੀਂ ਟਿਕ ਸਕਦਾ, ਜਿਥੇ ਅੰਨ੍ਹੇਰਾ ਹੈ ਉੱਥੇ ਚਾਨਣ ਦਾ ਅਭਾਵ ਹੈ। ਗੁਰਮੁਖ ਦਾ ਰਾਹ ਚਾਨਣਾ ਰਾਹ ਹੈ, ਜੋ ਸਿੱਧਾ, ਸਾਫ, ਪਰਤੱਖ ਨਿਰਵਿਘਨ ਤੇ ਸੰਪੂਰਨ ਹੈ। ਇਹ ਸਫ਼ਲ ਮਾਰਗ ਹੈ, ਪਰ ਇਹ ਰਾਹ ਭੀੜਾ, ਔਖਾ, ਉਡੀਣਾ ਤਲਵਾਰੋਂ ਤਿੱਖਾ ਤੇ ਵਾਲੋਂ ਨਿੱਕਾ ਰਾਹ ਹੈ। "ਕੋ ਵਿਰਲਾ ਗੁਰਮਤਿ ਚਲੈ ਜੀਉ (੯੪)

"ਵਾਲਹੁ ਨਿਕਾ ਆਖੀਐ ਗੁਰ ਪੰਥੁ ਨਿਰਾਲਾ ॥ (ਭਾ: ਗੁਰਦਾਸ ਜੀ, ਵਾਰ ੧੩-੧੭)

"ਗੁਰਸਿਖੀ ਦਾ ਰਾਹੁ ਏਹੁ ਗੁਰਮੁਖਿ ਚਾਲ ਚਲੈ ਸੋ ਦੇਖੈ ॥ ਵਾਰ ੨੮, ਪ: ੬

"ਗੁਰਮੁਖ ਸੱਚਾ ਪੰਥੁ **ਹੈ ਸਿਖੁ** ਸਹਿਜ ਘਰਿ ਜਾਇ ਖਲੋਵੈ ॥ ਵਾਰ ੨੮, ਪ: ੯

ਪ੍ਰਿੰਸੀਪਲ ਹਰਭਜਨ ਸਿੰਘ ਜੀ ਦੇ ਵਿਚਾਰ (ਪੁਸਤਕ ਗੁਰਮਤਿ ਵਿਆਖਿਆਨ ਪੰਨਾ ੨੫) ਅਨੁਸਾਰ ਗੁਰਮਤਿ ਮਾਰਗ ਗੁੰਝਲ ਰਹਿਤ ਸਿੱਧੇ ਸਾਦੇ ਜੀਵਨ ਦਾ ਦਾਅਵੇਦਾਰ ਹੈ। ਨਾਮ ਦਾਨ ਇਸ਼ਨਾਨ ਦਾ ਪੰਧ ਹੈ, ਧਰਮ ਦੀ ਕਿਰਤ ਕਰੋ, ਨਾਮ ਜਪੋ ਤੇ ਵੰਡ ਕੇ ਛਕੋ ਦਾ ਮਾਰਗ ਹੈ। ਇਹ ਰੱਬ ਨੂੰ ਅੰਦਰ ਵਸਾਉਣ ਤੇ ਵਿਸਮਾਦਤ ਹੋ



www.AKJ.Org

# ਸੋ ਕਿਉ ਮੰਦਾ ਆਖੀਐ

[ਸ: ਸਵਰਨ ਸਿੰਘ ਜੀ, ਢੰਮਰਾਲੀ, ਰੋਪੜ]

ਭਾਰਤ ਵਰਸ਼ ਵਿਚ ਹੀ ਨਹੀਂ ਬਲਕਿ ਹਰ ਸਭਿਅਤਾ ਵਿਚ ਇਸਤ੍ਰੀ ਦੇ ਸਮਾਜਿਕ ਸਥਾਨ ਦਾ ਪ੍ਰਾਚੀਨ ਸਮੇਂ ਤੋਂ ਝੰਮੇਲਾ ਚਲਾ ਆ ਰਿਹਾ ਹੈ। ਪਤਾ ਨਹੀਂ ਅਜਿਹਾ ਕਿਉਂ ਹੋਇਆ ? ਜਿਸ ਔਰਤ ਜਾਤੀ ਨੇ ਮਰਦ ਜਾਤੀ ਨੂੰ ਆਪਣੇ ਉਦਰ ਵਿਚ ੯ ਮਹੀਨੇ ਰਖਿਆ, ਬੱਚੇ ਦੇ ਰੂਪ ਵਿਚ ਦੁਧ ਚੁੰਘਾਇਆ, ਉਸੇ ਹੀ ਮਰਦ ਨੇ ਸਮੁੱਚੀ ਇਸਤ੍ਰੀ ਜਾਤੀ ਨੂੰ ਆਪਣਾ ਗੁਲਾਮ ਅਤੇ ਪੈਰ ਦੀ ਜੁੱਤੀ ਬਣਾਈ ਰੱਖਣ ਦੀਆਂ ਹਮੇਸ਼ਾ ਕੋਝੀਆਂ ਹਰਕਤਾਂ ਕੀਤੀਆਂ। ਉਸ ਪਾਸੋਂ ਮਨੁੱਖੀ ਹੱਕ ਖੋ ਕੇ, ਨਿਰਬਲ ਬਣਾ ਕੇ ਰੱਖ ਦਿਤਾ, ਸਮਾਜ ਅਤੇ ਧਰਮ ਦੇ ਆਗੂਆਂ ਨੇ ਪੁਰਾਤਨ ਇਤਿਹਾਸਕ ਸਮਿਆਂ ਵਿਚ ਔਰਤ ਸ੍ਰੇਣੀ ਉਤੇ ਅਜਿਹੀਆਂ ਭੈੜੀਆਂ ਰੀਤੀਆਂ ਥੋਪੀਆਂ ਕਿ ਜਿਨ੍ਹਾਂ ਦੇ ਬੁਰਕੇ ਥੱਲੇ ਜ਼ੁਲਮ ਹਨੇਰੀ ਦੇ ਝੱਖੜ ਨੇ ਔਰਤ ਦੇ ਹੱਕਾਂ ਅਤੇ ਜ਼ਮੀਰ ਨੂੰ ਵਿਲੂੰਦਰ ਕੇ ਰੱਖ ਦਿਤਾ। ਆਪਣੀ ਕੁਖੋਂ ਹੀ ਜਨਮੇ ਸਮਾਜ ਵਿਚ ਨਰਕਾਂ ਵਾਲੀ ਦਲਿਦਰੀ ਜ਼ਿੰਦਗੀ ਬਤੀਤ ਕਰਨ ਲਈ ਮਜਬੂਰ ਹੋਣਾ ਪਿਆ। ਹਾਂ, ਕੁਝ ਕੁ ਮਾਨਵਤਾ ਦੇ ਪਿਆਰੇ ਮਹਾਂ ਪੁਰਸ਼ਾਂ ਨੇ ਇਸ ਘੋਰ ਅਨਿਆਂ ਦੇ ਵਿਰੁੱਧ, ਇਸਤ੍ਰੀ ਜਾਤੀ ਦੇ ਹੱਕ ਵਿਚ ਹਾਅ ਦਾ ਨਾਹਰਾ ਮਾਰਿਆ। ਇਨ੍ਹਾਂ ਵਖ ਵਖ ਫ਼ਿਲਾਸਫ਼ਰਾਂ ਤੇ ਧਾਰਮਿਕ ਆਗੂਆਂ ਦੀਆਂ ਇਤਿਹਾਸਕ ਰਾਵਾਂ ਦਾ ਆਉ ਅਧਿਐਨ ਕਰਕੇ ਦੇਖੀਏ :—

**ਬ੍ਰਾਹਮਣ ਮੱਤ—**

ਇਹ ਮੱਤ ਹਿੰਦੁਸਤਾਨ ਦਾ ਪ੍ਰਾਚੀਨ ਧਰਮ ਹੈ। ਸਮੇਂ ਦੀ ਤਬਦੀਲੀ ਅਨੁਸਾਰ ਇਹ ਧਰਮ ਵੀ ਤਬਦੀਲੀਆਂ ਨੂੰ ਆਪਣੇ ਅੰਦਰ ਸਮਾਉਂਦਾ ਰਿਹਾ। ਮੰਨੂੰ ਸਿਮ੍ਰਤੀ ਇਸ ਧਰਮ ਦਾ ਪ੍ਰਸਿਧ ਸਤਿਕਾਰਤ ਗ੍ਰੰਥ ਹੈ। ਇਸ ਦੇ ਕਰਤਾ ਮੰਨੂੰ ਜੀ ਮੁਤਾਬਕ ਇਸਤ੍ਰੀ ਦੀ ਸੰਗਤ ਨਾਲ ਮਨੁੱਖ ਦੀ ਬੇਇਜ਼ਤੀ ਹੁੰਦੀ ਹੈ। ਇਸਤ੍ਰੀ ਨੂੰ ਅਜ਼ਾਦੀ ਬਿਲਕੁਲ ਨਹੀਂ ਦੇਣੀ ਚਾਹੀਦੀ। ਅਪਵਿਤਰਤਾ ਦੇ ਦੋਸ਼ ਅਧੀਨ ਪਤੀ, ਪਤਨੀ ਨੂੰ ਤਲਾਕ ਦੇ ਸਕਦਾ ਹੈ, ਪਰ ਔਰਤ ਨੂੰ ਅਜਿਹਾ ਅਧਿਕਾਰ ਨਹੀਂ ਹੈ। ਇਸਤ੍ਰੀ ਮੰਦਰਾਂ ਜਾਂ ਘਰਾਂ ਵਿਚ ਵੇਦਾਂ ਦਾ ਅਧਿਐਨ ਨਹੀਂ ਕਰ ਸਕਦੀ ਸੀ। ਕਹਿਰ ਦੀ ਹੱਦ ਓਦੋਂ ਟੱਪ ਗਈ ਜਦੋਂ ਬ੍ਰਾਹਮਣ ਮੱਤ ਵਿਚ ਸਤੀ ਪ੍ਰਥਾ ਅਰੰਭ ਹੋ ਗਈ। ਪਤੀ ਦੇ ਮਰਨ ਤੇ ਉਸ ਦੀ ਸੜਦੀ ਚਿਖਾ ਵਿਚ ਆਪਣੇ ਆਪ ਜ਼ਿੰਦਾ ਸੜ ਕੇ ਮਰ ਜਾਣ ਨੂੰ ਪਤਨੀ ਲਈ ਜ਼ਰੂਰੀ ਸੀ, ਜਦੋਂ ਕਿ ਪਤਨੀ ਦੇ ਮਰਨ ਤੋਂ ਬਾਅਦ ਪਤੀ ਲਈ ਅਜਿਹਾ ਕਰਨਾ ਨਹੀਂ ਸੀ। ਇਸ ਘੋਰ ਬਜਰ ਪਾਪ ਨੂੰ ਅਖੌਤੀ ਧਰਮ ਦੇ ਆਗੂਆਂ ਨੇ ਧਰਮ ਦੀ ਰਸਮ ਤੇ ਜ਼ਰੂਰੀ ਅੰਗ ਬਣਾ ਦਿਤਾ ਸੀ। ਪਰਦੇ ਵਿਚ ਅਤੇ ਘਰਾਂ ਦੀਆਂ ਕੰਧਾਂ ਦੀ ਚਾਰ-ਦੀਵਾਰੀ ਵਿਚ ਕੈਦਣ ਬਣਾ ਕੇ ਰਖਿਆ ਗਿਆ। ਇਸ ਮੱਤ ਨਾਲ ਸੰਬੰਧਤ ਪ੍ਰਮੁਖ ਕਵੀ ਤੁਲਸੀ ਦਾਸ ਜੀ ਕਹਿੰਦੇ ਹਨ—

ਢੋਲ ਗਵਾਰ ਪਸ਼ੂ ਸੂਦਰ ਨਾਰੀ ॥ ਇਹ ਸਭ ਤਾੜਨ ਕੇ ਅਧਿਕਾਰੀ ॥

ਤੁਲਸੀ ਦਾਸ ਜੀ ਦੀਆਂ ਨਜ਼ਰਾਂ ਵਿਚ ਤਾੜਨਾ ਸਹਿਣ ਕਰਨਾ ਹੀ ਔਰਤ ਜਾਤੀ ਦਾ ਅਧਿਕਾਰ ਹੈ।

---

✿ਆਨੰਦ ਮਾਣਨ ਦਾ ਰਾਹ ਹੈ, ਪ੍ਰਭੂ ਦੀ ਪ੍ਰੇਮਾ ਭਗਤੀ, ਸਿਫਤ ਸਲਾਹ ਤੇ ਕੀਰਤੀ ਦੁਆਰਾ "ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣ ਕਹਿ ਗੁਣੀ ਸਮਾਵਣਿਆ ॥੧॥ (ਮਾਝ ਮਹਲਾ ੩, ਪੰਨਾ ੧੨੨)

ਬਰਨਾਰਡ-ਸ਼ਾਅ ਅਮਰੀਕਨ ਵਿਦਵਾਨ ਦੇ ਵਿਚਾਰ 'ਗੁਰਮਤਿ ਵਿਆਖਿਆਨ' ਵਿਚ ਪੰਨਾ ੨੭ ਤੇ ਇਉਂ ਦਿਤੇ ਹਨ—(ਅੰਗਰੇਜ਼ੀ ਚੋਂ ਅਨੁਵਾਦ)

ਗੁਰਸਿਖੀ ਇਕ ਸਰਵ ਵਿਆਪਕ ਅਥਵਾ ਸੰਪੂਰਨ ਜਗਤ-ਧਰਮ ਹੈ ਅਤੇ ਮਨੁੱਖ ਮਾਤਰ ਨੂੰ ਸਮਾਨ ਸੰਦੇਸ਼ ਦੇਂਦਾ ਹੈ। ਸਿੱਖੀ ਹੀ ਨਵੇਂ ਯੁਗ ਦਾ ਧਰਮ ਹੈ...ਦੂਜੇ ਮਤ ਸਚਾਈ ਰਖਦੇ ਹਨ, ਪ੍ਰੰਤੂ ਸਿਖ ਮਤ ਭਰਪੂਰ ਸਚਾਈ ਹੈ।

ਸਚਾਈ ਇਹ ਹੈ ਕਿ ਸਿਖ ਧਰਮ ਵਰਤਮਾਨ ਮਨੁਖ ਦੀਆਂ ਉਲਝਣਾਂ ਦਾ ਵਾਹਿਦ ਹਲ ਤੇ ਉਪਜੇ ਪ੍ਰਸ਼ਨਾਂ ਦਾ ਉਤਰ ਹੈ।

[ਭੇਟਾ ਕਰਦਾ :—ਗਿ: ਗੋਪਾਲ ਸਿੰਘ ਜੀ ਮਿਤਰ, ੧੯੭੭ ਦੀ ਨਿਜੀ ਡਾਇਰੀ ਚੋਂ



www.AKJ.Org

ਚਣਾਕਾ ਰਾਜਨੀਤੀ ਦੇ ਲੇਖਕ "ਚਣਾਕਾ" ਨੂੰ ਔਰਤ ਅਪਵਿਤਰ ਹੀ ਦਿਸਦੀ ਹੈ–

"ਸ਼ੁਧ ਨਾਰ ਕੋਊ ਨਹੀ ਜਿਹ ਜਾਨਤ ਸਭ ਕੋਇ ।"

**ਯੋਗ ਮੱਤ–**

ਹਿੰਦੁਸਤਾਨ ਦੇ ਧਾਰਮਿਕ ਖੇਤਰ ਵਿਚ ਇਸ ਮੱਤ ਦਾ ਕਾਫ਼ੀ ਪ੍ਰਭਾਵ ਰਿਹਾ ਹੈ। ਪਰ ਇਹਨਾਂ ਯੋਗੀਆਂ ਦਾ ਵੀ ਔਰਤ ਜਾਤੀ ਦੇ ਮਨੁੱਖੀ ਹੱਕਾਂ ਦੀ ਅਜ਼ਾਦੀ ਬਾਬਤ ਨਜ਼ਰੀਆ ਤੰਗ ਹੀ ਰਿਹਾ ਹੈ। ਸਮਾਜ ਵਿਚ ਯੋਗੀਆਂ ਨੇ ਇਸਤ੍ਰੀ ਵਿਰੁੱਧ ਨਫ਼ਰਤ ਫੈਲਾਈ। ਇਨ੍ਹਾਂ ਦੀ ਯੋਗ ਬਾਣੀ ਵਿਚੋਂ ਇਸ ਪੱਖ ਦੀਆਂ ਕੁਝ ਵੰਨਗੀਆਂ ਹੇਠਾਂ ਦਿੰਦੇ ਹਾਂ, ਜਿਨ੍ਹਾਂ ਵਿਚ ਔਰਤ ਨੂੰ ਬਾਘਨ ਤੁਲ ਸਮਝਿਆ ਹੈ :–

"ਦਾਮਿ ਕਾਢਿ ਬਾਘਨ ਲੈ ਆਇਆ ॥ ਮਾਉਂ ਕਹੈ ਮੇਰਾ ਪੂਤ ਬਿਹਾਇਆ ॥
ਗੀਲੀ ਲਕੜੀ ਕੋ ਘੁਣ ਖਾਇਆ ॥ ਤਿਨ ਡਾਲ ਮੂੰਡ ਸਣ ਖਾਇਆ ॥
ਬਾਘਨਿ ਜਿੰਦ ਲੈ ਬਾਘਨ ਬਿੰਦ ਲੈ ਬਾਘਨ ਹਮਰੀ ਕਾਇਆ ॥
ਇਨ ਬਾਘਨ ਤ੍ਰਿਲੋਕੀ ਖਾਈ ਬਸਤਿ ਗੋਰਖ ਖਾਇਆ ॥

ਇਹ ਹੈ ਯੋਗੀਆਂ ਦੇ ਗੁਰੂ ਗੋਰਖ ਨਾਥ ਦੀਆਂ ਨਜ਼ਰਾਂ ਵਿਚ ਇਸਤ੍ਰੀ ਦਾ ਸਨਮਾਨ, ਜਿਸ ਨੂੰ ਰੱਬ ਦਾ ਨੂਰ ਬਘਿਆੜ ਦਿਸਦਾ ਹੈ। ਤ੍ਰਿਲੋਕੀ ਦਾ ਨਾਸ ਕਰਨ ਵਾਲੀ ਕਹਿ ਕੇ ਭੰਡਦਾ ਹੈ।

**ਈਸਾਈ, ਇਸਲਾਮ ਤੇ ਜੈਨ ਮੱਤ–**

ਈਸਾਈ ਮੱਤ ਵਿਚ ਇਸਤ੍ਰੀ ਦੇ ਸਥਾਨ ਦਾ ਨਿਰਣੈ ਕਰਦੇ ਹੋਏ ਪ੍ਰੋ. ਪ੍ਰੀਤਮ ਸਿੰਘ ਜੀ ਐਮ. ਏ. ਲਿਖਦੇ ਹਨ –

"ਈਸਾਈ ਮੱਤ ਅਨੁਸਾਰ ਸਭ ਪਾਪਾਂ ਤੇ ਗੁਨਾਹਾਂ ਦਾ ਸੋਮਾ ਤੇ ਸਾਧਨ ਇਹ ਇਸਤ੍ਰੀ ਹੈ। ਆਪਣੇ ਪਤੀ ਨੂੰ ਤਲਾਕ ਨਹੀਂ ਦੇ ਸਕਦੀ। ਇੰਗਲੈਂਡ ਵਿਚ ਇਸਤ੍ਰੀਆਂ ਨੂੰ ਜਾਇਦਾਦ ਰੱਖਣ ਦਾ ਅਧਿਕਾਰ ੧੯੯੨ ਈ: ਵਿਚ ਅਤੇ ਵੋਟ ਦੇਣ ਦਾ ਹੱਕ ੧੯੧੯ ਈ: ਵਿਚ ਮਿਲਿਆ ਹੈ।"

ਅਗਾਂਹ-ਵਧੂ ਅਖਵਾਉਣ ਵਾਲੇ ਪੱਛਮੀ ਦੇਸ਼ਾਂ ਵਿਚ ਕਿਸੇ ਸਮੇਂ ਇਹ ਦੁਰਦਸ਼ਾ ਸੀ, ਜਿਥੇ ਮਨੁੱਖੀ ਹੱਕਾਂ ਤੇ ਛਾਪੇ ਮਾਰੇ ਗਏ, ਔਰਤ ਨੂੰ ਉਸਦੇ ਹੱਕਾਂ ਤੋਂ ਵਾਂਝਿਆਂ ਰਖਿਆ ਗਿਆ।

ਇਸਲਾਮ ਵਿਚ ਸਿਰਫ਼ ਵਿਆਹੁਤਾ ਇਸਤ੍ਰੀ ਹੀ ਜਾਇਦਾਦ ਰੱਖਣ ਦੀ ਅਧਿਕਾਰੀ ਮੰਨੀ ਗਈ ਹੈ। ਨਿਕਾਹ ਵੇਲੇ ਆਪਣੀ ਰਾਇ ਵਿਆਹ ਵਾਲੇ ਨਾਲ 'ਹਾਂ' ਜਾਂ 'ਨਾ' ਪੱਖੀ ਦੇਣ ਦਾ ਹੱਕ ਹੈ। ਮਰਦ ਇਕ ਤੋਂ ਜ਼ਿਆਦਾ ਵਿਆਹ ਧਰਮ-ਕਨੂੰਨ ਮੁਤਾਬਕ ਕਰਵਾ ਸਕਦਾ ਹੈ, ਪਰ ਔਰਤ ਅਜਿਹਾ ਕੁਝ ਨਹੀਂ ਕਰ ਸਕਦੀ। ਪਰਦੇ ਵਿਚ ਡੱਕ ਕੇ ਰਖਿਆ ਗਿਆ। ਹੁਣ ਪਰਦਾ ਭਾਵੇਂ ਬਹੁਤ ਘਰਾਣਿਆਂ ਵਿਚੋਂ ਖ਼ਤਮ ਹੋ ਚੁਕਿਆ ਹੈ।

ਜੈਨ ਧਰਮ ਦੇ ਦੋ ਮੁਖ ਫ਼ਿਰਕੇ ਦਿਗੰਬਰ ਅਤੇ ਸ੍ਵੇਤਾਂਬਰ ਹਨ। "ਦਿਗੰਬਰ" ਦੇ ਮੁਖ ਸਿਧਾਂਤਾਂ ਵਿਚੋਂ ਇਹ ਇਕ ਹੈ ਕਿ 'ਇਸਤ੍ਰੀਆਂ ਮੋਕਸ਼ ਪ੍ਰਾਪਤ ਨਹੀਂ ਕਰ ਸਕਦੀਆਂ।'

**ਯੂਨਾਨ ਦੇ ਫ਼ਿਲਾਸਫ਼ਰਾਂ ਦੀਆਂ ਨਜ਼ਰਾਂ ਵਿਚ–**

ਅਰਸਤੂ ਦੇ ਵੀਚਾਰ ਸਨ : "Woman is an unfinished man," "ਇਸਤ੍ਰੀ ਇਕ ਅਧੂਰਾ ਇਨਸਾਨ ਹੈ।" **(Aristotle)**

"ਮਰਦ ਦੀ ਖ਼ੂਬੀ ਹੁਕਮ ਕਰਨ ਤੇ ਮਨਾਉਣ ਵਿਚ ਹੈ। ਪਰ ਇਸਤ੍ਰੀ ਦੀ ਖ਼ੂਬੀ ਹੁਕਮ ਮੰਨਣ ਵਿਚ ਹੈ।"

(ਸੁਕਰਾਤ)

**"The courage of a man is shown in commanding and that of a woman in obeying."**
**(Socrates)**

ਪਲੈਟੋ ਇਸਤ੍ਰੀ ਨੂੰ ਸਮਾਨਤਾ ਦੇਣ ਦੇ ਹੱਕ ਵਿਚ ਹੈ।



www.AKJ.Org

**ਸਿੱਖ ਧਰਮ :–**

ਸਿੱਖ ਧਰਮ ਜਿਥੇ ਸੰਸਾਰ ਦੇ ਸਭ ਧਰਮਾਂ ਤੋਂ ਵੱਖਰਾ ਅਤੇ ਨਿਰਾਲਾ ਹੈ, ਓਥੇ ਇਸ ਦੇ ਸਿਧਾਂਤ ਵੀ ਸੱਚੇ ਸੁੱਚੇ ਤੇ ਨਿਰਾਲੇ ਹੀ ਹਨ। ਉਪਰੋਕਤ ਸਾਰੀ ਚਰਚਾ ਦਾ ਨਿਚੋੜ ਹੈ ਕਿ ਗੁਰੂ ਨਾਨਕ ਸਾਹਿਬ ਤੋਂ ਪਹਿਲਾਂ ਇਸਤ੍ਰੀ ਨੂੰ ਅਪਵਿਤਰ, ਅਧੂਰਾ ਇਨਸਾਨ, ਬਾਘਨ ਕਹਿ ਕੇ ਭੰਡਿਆ ਗਿਆ, ਸਤੀ ਦੀ ਪ੍ਰਥਾ ਚਲਣ ਤੇ ਜ਼ਿੰਦਾ ਸਾੜਿਆ ਗਿਆ, ਮਨੁੱਖੀ ਹੱਕਾਂ ਤੇ ਧਾਰਮਿਕ ਰਸਮੋ ਰਿਵਾਜ, ਪੂਜਾ ਪਾਠ ਤੋਂ ਵਾਂਝਿਆ ਰੱਖਿਆ ਗਿਆ। ੧੫ਵੀਂ ਸਦੀ ਵਿਚ ਮਾਨਵਤਾ ਦੇ ਅਵਤਾਰ ਸਰਬ ਸਾਂਝੇ ਗੁਰੂ ਨਾਨਕ ਜੀ ਪਰਗਟ ਹੋਏ, ਜਿਥੋਂ ਸਿੱਖ ਸਿਧਾਂਤ ਦਾ ਮੁੱਢ ਬੱਝਾ। ਗੁਰੂ ਸਾਹਿਬ ਨੇ ਘੋਰ ਅਨਿਆਂ ਹੁੰਦਾ ਤਕਿਆ, ਜ਼ੁਲਮ ਦੀ ਚੱਕੀ ਵਿਚ ਪੀਸ ਹੁੰਦੀ ਨਿਰਬਲ ਇਸਤ੍ਰੀ ਜਾਤੀ ਵਲ ਝਾਕਿਆ। ਔਰਤ ਜਾਤੀ ਨਾਲ ਨਿਰਦਈਪੁਣੇ ਵਾਲਾ ਭੈੜਾ ਸਲੂਕ ਹੁੰਦਿਆਂ ਵੇਖ ਕੇ ਗੁਰੂ ਜੀ ਨੇ ਸੰਸਾਰ ਦੇ ਲੋਕਾਂ ਨੂੰ ਵੰਗਾਰਿਆ। ਨਾਰੀ-ਜਗਤ ਦੇ ਹੱਕ ਵਿਚ ਸੱਚੇ ਦਿਲੋਂ ਹਾਅ ਦਾ ਨਾਹਰਾ ਮਾਰਿਆ। ਸਤਿਗੁਰਾਂ ਨੇ ਕਿਹਾ, ਈਰਖਾ ਵਿਚ ਸੜਦੇ ਕੁਰਾਹੇ ਪਏ ਭਲੇਮਾਣਸੋ, ਜਿਸ ਇਸਤ੍ਰੀ ਨੇ ਤੁਹਾਨੂੰ, ਰਾਜਿਆਂ, ਪੀਰਾਂ, ਸੂਰਮਿਆਂ, ਭਗਤਾਂ, ਸੰਤਾਂ ਨੂੰ ਜਨਮ ਦਿਤਾ, ਜਿਸ ਨਾਲ ਮਰਦ ਨੇ ਦੋਸਤੀ ਤੇ ਵਿਆਹ ਕੀਤਾ,ਉਹ ਕਿਵੇਂ ਅਪਵਿੱਤਰ ਹੋ ਸਕਦੀ ਐ ? ਉਸਨੂੰ ਮੰਦਾ ਮਤ ਗਰਦਾਨੋ, ਕਿਉਂਕਿ ਮਰਦ ਅਤੇ ਇਸਤ੍ਰੀ ਦੋਨਾਂ ਅੰਦਰ ਉਸੇ ਪ੍ਰਭੂ ਦੀ ਹੀ ਜੋਤ ਹੈ।

"ਮੰਦਾ ਕਿਸਨੋ ਆਖੀਐ ਜਾ ਤਿਸੁ ਬਿਨੁ ਕੋਈ ਨਾਹਿ ॥੭੫॥ (੧੩੮੧)

ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ :–

ਭੰਡਿ ਜੰਮੀਐ ਭੰਡਿ ਨਿੰਮੀਐ, ਭੰਡਿ ਮੰਗਣੁ ਵੀਆਹੁ ॥
ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥
ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥
ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥੨॥੧੯॥

(ਵਾਰ ਆਸਾ, ਮਹਲਾ ੧, ਪੰਨਾ ੪੭੩)

ਪਹਿਲੇ ਗੁਰੂ ਨਾਨਕ ਨੇ ਔਰਤ ਨੂੰ ਗੁਲਾਮੀ ਦੀਆਂ ਜ਼ੰਜੀਰਾਂ ਤੋਂ ਮੁਕਤ ਕਰਾਉਣ ਲਈ, ਸਮਾਜ ਵਿਚ ਉੱਚ ਸਤਿਕਾਰ ਤੇ ਯੋਗ ਥਾਂ ਦਿਵਾਉਣ ਖ਼ਾਤਰ ਇਹ ਅਹਿਮ ਕਦਮ ਪੁਟਿਆ। ਜਿਥੇ ਹੋਰ ਧਰਮਾਂ ਨੇ ਇਸਤ੍ਰੀ ਉਤੇ ਇਹ ਦੋਸ਼ ਮੜ੍ਹਿਆ ਕਿ ਇਹ ਮਨੁੱਖ ਨੂੰ ਧਰਮੋਂ ਡੇਗਦੀ ਹੈ ਅਤੇ ਇਸ ਦੀ ਸੰਗਤ ਬੇ-ਇਜ਼ਤ ਕਰਾਉਂਦੀ ਹੈ, ਉਥੇ ਸਿੱਖ ਸਿਧਾਂਤ ਵਿਚ ਇਸ ਨੂੰ ਮਨੁੱਖ ਦਾ ਈਮਾਨ ਆਖਿਆ ਗਿਆ, ਇਸ ਦੇ ਸਾਥ (ਗ੍ਰਿਹਸਤੀ ਜੀਵਨ) ਨੂੰ ਸਰਬ ਉਚਤਮ ਧਰਮ ਮੰਨਿਆ ਗਿਆ। ਕਿਉਂਕਿ ਔਰਤ ਤੋਂ ਬਗੈਰ ਮਨੁੱਖ ਕਾਮ ਵਾਸ਼ਨਾ ਦੇ ਵੇਗ ਵਿਚ ਵਹਿ ਸਕਦਾ ਹੈ। ਇਸ ਨੂੰ ਨਿਸ਼ਚਿਤ ਹੱਦ ਤਕ ਰਖਣ ਲਈ ਗ੍ਰਿਹਸਤ ਜ਼ਰੂਰੀ ਹੈ।

ਗੁਰੂ ਹਰਿ ਗੋਬਿੰਦ ਸਾਹਿਬ ਨੇ ਗੁਜਰਾਤ ਦੇ ਫ਼ਕੀਰ ਸਾਈਂ ਦੋਲਾ ਸ਼ਾਹ ਦੇ ਕਿੰਤੂ ਕਰਨ ਤੇ ਉਤਰ ਦਿਤਾ ਸੀ–

"ਔਰਤ ਈਮਾਨ, ਪੁੱਤ੍ਰ ਨਿਸ਼ਾਨ, ਦੌਲਤ ਗੁਜ਼ਰਾਨ ॥"

ਅਤੇ– "ਗਿਆਨਨ ਮੈ ਗਿਆਨ ਅਰ ਧਿਆਨਨ ਮੈ ਧਿਆਨ ਗੁਰ
ਸਕਲ ਧਰਮ ਮੈ ਗ੍ਰਿਹਸਤ ਪ੍ਰਧਾਨ ਹੈ" ॥੩੭੬॥ (ਕਬਿਤ ਭਾ: ਗੁਰਦਾਸ ਜੀ)

ਤੀਜੇ ਗੁਰੂ ਅਮਰਦਾਸ ਜੀ ਨੇ ਸਤੀ ਪ੍ਰਥਾ ਦਾ ਬੜੇ ਜ਼ੋਰ ਨਾਲ ਵਿਰੋਧ ਕੀਤਾ। ਉਨ੍ਹਾਂ ਸਤੀ ਦੀ ਰਸਮ ਅਨੁਸਾਰ ਪਤੀ ਨਾਲ ਚਿੱਖਾ ਵਿਚ ਜ਼ਿੰਦਾ ਸੜ ਕੇ ਮਰ ਜਾਣ ਵਿਰੁੱਧ ਆਪਣੇ ਸਿਧਾਂਤ ਅੰਦਰ ਸਖ਼ਤੀ ਨਾਲ ਹਦਾਇਤ ਕੀਤੀ। ਆਪ ਗੁਰਬਾਣੀ ਅੰਦਰ ਇਉਂ ਸਪਸ਼ਟ ਕਰਦੇ ਹਨ –

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ ॥
ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ ॥੧॥



www.AKJ.Org

ਭੀ ਸੋ ਸਤੀਆ ਜਾਣੀਅਨਿ ਸੀਲ ਸੰਤੋਖਿ ਰਹੰਨਿ॥
ਸੇਵਨਿ ਸਾਈ ਆਪਣਾ ਨਿਤ ਉਠਿ ਸੰਮ੍ਾਲੰਨਿ ॥੨॥੬॥
(ਵਾਰ ਸੂਹੀ, ਪੰਨਾ ੭੮੭)

ਸਪਸ਼ਟ ਹੈ ਗੁਰੂ ਸਾਹਿਬ ਜੀ ਦੀ ਇਸਤ੍ਰੀ ਦੇ ਮੜ੍ਹੀਆਂ ਵਿਚ ਜਲਣ ਦੇ ਵਿਰੁੱਧ ਹਨ। ਸੀਲ, ਸੰਤੋਖ ਅਤੇ ਸਤ ਰਖਣ ਵਾਲੀ ਹੀ ਅਸਲ ਵਿਚ ਸਤੀ ਅਖਵਾ ਸਕਦੀ ਹੈ। ਗੁਰਬਾਣੀ ਸਪਸ਼ਟ ਕਰਦੀ ਹੈ –

ਬਿਨੁ ਸਤ ਸਤੀ ਹੋਇ ਕੈਸੇ ਨਾਰਿ ॥
ਪੰਡਿਤ ਦੇਖਹੁ ਰਿਦੈ ਬੀਚਾਰਿ ॥੨੩॥ (ਗਉੜੀ ਕਬੀਰ ਜੀ, ਪੰਨਾ ੩੨੮

ਜ਼ਿਕਰ ਆਉਂਦਾ ਹੈ ਕਿ ਜਦੋਂ ਅਕਬਰ ਗੋਇੰਦਵਾਲ ਸਾਹਿਬ ਆਇਆ ਸੀ ਓਦੋਂ ਗੁਰੂ ਅਮਰਦਾਸ ਜੀ ਨੇ ਬਾਦਸ਼ਾਹ ਪਾਸੋਂ ਕਾਨੂੰਨਨ ਸਤੀ ਦੀ ਰਸਮ ਬੰਦ ਕਰਵਾਣ ਦੇ ਹੁਕਮ ਜਾਰੀ ਕਰਵਾਏ।

ਇਸਲਾਮ ਧਰਮ ਵਿਚ ਮਰਦ ਇਕ ਤੋਂ ਵੱਧ ਵਿਆਹ ਕਰਵਾ ਸਕਦਾ, ਪਰ ਔਰਤ ਨੂੰ ਅਜਿਹਾ ਹੱਕ ਨਹੀਂ ਹੈ। ਗੁਰਮਤਿ ਵਿਚ ਦੋਨਾਂ ਲਈ ਇਕੋ ਅਧਿਕਾਰ ਸਿਰਫ ਇਕ ਵਿਆਹ ਦਾ ਹੈ। ਬਾਕੀ ਇਸਤ੍ਰੀਆਂ ਦਾ ਦਰਜਾ ਪਤੀ ਲਈ ਭੈਣਾਂ, ਧੀਆਂ, ਮਾਵਾਂ ਦੇ ਬਰਾਬਰ ਸਤਿਕਾਰਯੋਗ ਹੈ। ਭਾਈ ਗੁਰਦਾਸ ਜੀ ਛੇਵੀਂ ਵਾਰ ਵਿਚ ਲਿਖਦੇ ਹਨ–

"ਏਕਾ ਨਾਰੀ ਜਤੀ ਹੋਇ, ਪਰ-ਨਾਰੀ ਧੀ ਭੈਣ ਵਖਾਣੈ" ॥ ਵਾਰ ੬, ਪਉੜੀ ੮

ਭਾਵੇਂ ਅਜੋਕੇ ਯੁੱਗ ਵਿਚ ਕਈ ਦੇਸ਼ਾਂ ਵਿਚ ਇਸਤ੍ਰੀ ਦੀ ਸਨਮਾਨ ਯੋਗ ਜਗ੍ਹਾ ਹੈ, ਪਰ ਸਭ ਤੋਂ ਪਹਿਲਾਂ ਸਿਖ ਸਿਧਾਂਤ ਨੇ ਇਸ ਸਮਾਜਿਕ ਬੁਰਿਆਈ ਵਿਚ ਦ੍ਰਿੜ੍ਹ ਹੁੰਦੀ ਨਾਰੀ ਜਾਤੀ ਦੇ ਹਕ ਵਿਚ ਇਨਕਲਾਬ ਕੀਤਾ ਅਤੇ ਇਤਿਹਾਸਕ ਮੀਲ-ਪੱਥਰ ਗੱਡਿਆ। ਸਿੱਖ ਮੱਤ ਵਿਚ ਇਸਤ੍ਰੀ ਮਰਦ ਵਾਂਗ ਗੁਰਦੁਆਰੇ ਜਾ ਸਕਦੀ ਹੈ, ਧਰਮ ਗ੍ਰੰਥ ਦਾ ਅਧਿਐਨ ਕਰ ਸਕਦੀ ਹੈ, ਅੰਮ੍ਰਿਤ ਛਕਣ ਦਾ ਹੱਕ ਮਰਦ ਦੇ ਬਰਾਬਰ ਦਿੱਤਾ ਗਿਆ ਹੈ। ਪਰਦਾ ਖ਼ਤਮ ਕਰਨ ਦੀ ਹਦਾਇਤ ਹੈ। ਜਾਇਦਾਦ ਰੱਖਣ ਦਾ ਹੱਕ ਹੈ। ਸਮੁੱਚੇ ਤੌਰ ਤੇ ਗੁਰਮਤਿ ਵਿਚ ਔਰਤ ਨੂੰ ਉਹ ਸਭ ਅਧਿਕਾਰ ਦਿਤੇ ਗਏ ਹਨ ਜੋ ਮਰਦ ਨੂੰ ਪ੍ਰਾਪਤ ਹਨ।

**ਅਜੋਕਾ ਸਮਾਂ–**

ਵਰਤਮਾਨ ਸਮੇਂ ਵਿਚ ਭਾਵੇਂ ਇਸਤ੍ਰੀ ਨੂੰ ਕਈ ਦੇਸ਼ਾਂ ਵਿਚ ਮਨੁੱਖੀ ਹਕ ਦਿਤੇ ਗਏ ਹਨ, ਪਰ ਫਿਰ ਵੀ ਪੂਰਨ ਤੌਰ ਤੇ ਜ਼ੁਲਮ ਢਹਿਣ ਤੋਂ ਬੰਦ ਨਹੀਂ ਹੋ ਸਕੇ। ਖ਼ਾਸ ਤੌਰ ਤੇ ਹਿੰਦੁਸਤਾਨ ਵਿਚ ਔਰਤਾਂ ਜ਼ੁਲਮ ਸਹਿਨ ਕਰਦੀਆਂ ਹਨ। ਹਰ ਰੋਜ਼ ਪਤਾ ਨਹੀਂ ਕਿੰਨੀਆਂ ਕੁ ਸੱਜ-ਵਿਆਹੀਆਂ ਨੂੰ ਦਾਜ ਦੇ ਲੋਭੀਆਂ ਹਥੋਂ ਜ਼ਿੰਦਾ ਸਾੜਿਆ ਜਾਂਦਾ ਹੈ। ਪਹਿਲਾਂ ਸਤੀ ਦੇ ਰੂਪ ਵਿਚ, ਹੁਣ ਦਾਜ ਦੀ ਘਾਟ ਨੇ ਔਰਤ ਨੂੰ ਮੌਤ ਦੇ ਮੂੰਹ ਧੱਕ ਦਿਤਾ ਹੈ। ਅਜੋਕੇ ਯੁਗ ਵਿਚ ਇਹ ਅਨਿਆਂ ਜੋ ਹੁੰਦੇ ਹਨ, ਇਸ ਲਈ ਇਸਤ੍ਰੀ ਜਾਤੀ ਦੀ ਆਪਣੀ ਜ਼ਿਮੇਵਾਰੀ ਵੀ ਹੈ। ਬਰਤਾਨੀਆ ਵਿਚ ਏਸ਼ੀਅਨ ਨਾਰੀਆਂ ਲੜਕੀ ਨੂੰ ਜੰਮਣ ਸਾਰ ਹੀ ਹੱਤਿਆ ਕਰ ਦਿੰਦੀਆਂ ਹਨ। "ਜਾਨ ਬਚਾਓ" ਜਥੇਬੰਦੀਆਂ ਨੇ ਇਸ ਵਿਰੁੱਧ ਮੁਜ਼ਾਹਰੇ ਵੀ ਕੀਤੇ। ਲੋਭ ਕਾਰਨ ਦਾਜ ਦੀ ਭੇਟ ਇਸਤ੍ਰੀ ਨੂੰ ਚੜ੍ਹਨਾ ਪੈਂਦਾ ਹੈ। ਲੋਭ ਨੂੰ ਖ਼ਤਮ ਕਰਨ ਦਾਂ ਹੱਲ ਧਰਮ ਦਾ ਅੰਕੁਸ ਹੈ। ਧਰਮ ਦੇ ਅਸੂਲਾਂ ਉਤੇ ਅਮਲੀ ਤੌਰ ਤੇ ਪਹਿਰਾ ਦੇਣ ਤੇ ਹੀ ਲੋਭ ਖ਼ਤਮ ਹੋ ਸਕਦਾ ਹੈ। ਲੋਭ ਖ਼ਤਮ, ਦਾਜ ਖ਼ਤਮ। ਦੂਸਰਾ, ਮਾਵਾਂ ਆਪਣੇ ਪੁੱਤਰਾਂ ਨੂੰ ਅਜਿਹੇ ਧਰਮ ਨੂੰ ਅਪਨਾਉਣ ਦੀ ਪ੍ਰੇਰਨਾ ਦੇਣ, ਜੋ ਅਜਿਹੇ ਜ਼ੁਲਮ ਵਿਰੁੱਧ ਹਮੇਸ਼ਾ ਡੱਟਿਆ ਹੈ। ਅਤੇ ਜਿਸ ਨੇ ਸਭ ਨੂੰ ਮਨੁੱਖੀ ਹਕ, ਅਜ਼ਾਦੀ ਦਿਤੀ ਹੈ। ਸ਼ਾਇਦ ਇਸ ਪਖੋਂ ਹੋਰ ਕੋਈ ਧਰਮ ਸਿਖ ਸਿਧਾਂਤ ਦੀ ਬਰਾਬਰੀ ਨਾ ਕਰ ਸਕੇ। ਸਿਖੀ ਸਿਧਾਂਤ ਹੀ ਸਰਬ ਉਚਤਮ ਸਿਧਾਂਤ ਹੈ। ਮਾਵਾਂ ਦੇ ਹਥ ਹੀ ਬਚੇ ਦਾ ਭਵਿੱਖ ਹੁੰਦਾ ਹੈ। ਜੇ ਇਸ ਸਮਾਜਿਕ ਬੁਰਿਆਈ ਵਲ ਧਿਆਨ ਨਾ ਦਿਤਾ ਗਿਆ ਤਾਂ ਇਸਤ੍ਰੀ ਦੀ ਹਾਲਤ ਹੋਰ ਨਿਘਰਦੀ ਜਾਵੇਗੀ। ਧਰਮ ਦਾ ਅੰਕੁਸ ਹੀ ਸਹੀ ਹੱਲ ਹੈ।


www.AKJ.Org

# ਪੰਜਾਬ ਵਿਚ ਸੀ.ਆਰ.ਪੀ. ਦਾ ਘ੍ਰਿਣਤ ਰੋਲ ਅਤੇ ਪੁਲਸ-ਮੁਕਾਬਲੇ

(ਸ: ਹਰਬੀਰ ਸਿੰਘ ਜੀ ਭੰਵਰ)

ਇਹ ਲੇਖ ਬੜੇ ਵਿਸਥਾਰ ਸਹਿਤ ਰੋਜ਼ਾਨਾ ਅਜੀਤ ੯, ੧੦ ਤੇ ੧੧ ਜੁਲਾਈ ਦੇ ਪਰਚਿਆਂ ਵਿਚ ਸ: ਹਰਬੀਰ ਸਿੰਘ ਜੀ ਭੰਵਰ ਨੇ ਦਿਤਾ ਹੈ। ਥਾਂ ਦੀ ਗੁੰਜਾਇਸ਼ ਘਟ ਹੋਣ ਕਰਕੇ ਇਸ ਲੇਖ ਦੇ ਕੁਝ ਹਿਸੇ ਅਸੀਂ ਦੇ ਰਹੇ ਹਾਂ। —ਸੰਪਾਦਕ

ਸਿੱਖਾਂ ਵਲੋਂ ਸੀ. ਆਰ. ਪੀ. ਵਿਰੁਧ ਜੋ ਭੈੜੇ ਵਰਤਾਰੇ ਤੇ ਜ਼ੁਲਮ ਤਸ਼ੱਦਦ ਦੇ ਦੋਸ਼ ਲਗ ਰਹੇ ਹਨ ਅਤੇ ਇਸ ਫੋਰਸ ਨੂੰ ਪੰਜਾਬ ਵਿਚੋਂ ਬਾਹਰ ਕੱਢਣ ਦੀ ਮੰਗ ਹੋ ਰਹੀ ਹੈ, ਉਹ ਗਲਤ ਨਹੀਂ, ਸੌ ਫ਼ੀ ਸਦੀ ਠੀਕ ਹੈ। ਨੀਲਾ ਤਾਰਾ ਕਾਰਵਾਈ ਤੋਂ ਕਈ ਮਹੀਨੇ ਪਹਿਲਾਂ ਵੀ ਸ੍ਰੀ ਦਰਬਾਰ ਸਾਹਿਬ ਵਲ ਆ ਰਹੇ ਸਿਖਾਂ ਨੂੰ ਬਿਨਾ ਵਜ੍ਹਾ ਤੰਗ ਤੇ ਪ੍ਰੇਸ਼ਾਨ ਕੀਤਾ ਜਾਂਦਾ ਸੀ, ਕਿਸੇ ਦੇ ਰੁਤਬੇ ਜਾਂ ਸਟੇਟਸ ਦਾ ਖ਼ਿਆਲ ਨਹੀਂ, ਇਹ ਸਾਰੇ ਸਿੱਖਾਂ ਨੂੰ ਇਕੋ ਰੱਸੇ ਬੰਨ੍ਹਦੇ ਰਹੇ ਹਨ—ਪੁਛਗਿਛ, ਤਲਾਸ਼ੀ ਲੈਣ ਸਮੇਂ ਕਈ ਵੱਡੇ ਵੱਡੇ ਸਿੱਖ ਅਫ਼ਸਰਾਂ ਨੂੰ ਵੀ ਇਹਨਾਂ ਤੰਗ ਕੀਤਾ। ੧੭ ਫਰਵਰੀ ੧੯੮੪ ਨੂੰ ਜਦੋਂ ਇਹਨਾਂ ਕਾਰਨਾਂ ਕਰਕੇ ਹੀ ਇਕ ਵਾਰੀ ,ਸੀ. ਆਰ. ਪੀ. ਤੇ ਸ੍ਰੀ ਦਰਬਾਰ ਸਾਹਿਬ ਅੰਦਰ ਵਿਚਰ ਰਹੀਆਂ ਸੰਸਥਾਵਾਂ ਵਿਚਕਾਰ ਕਈ ਘੰਟੇ ਫ਼ਾਇਰਿੰਗ ਹੁੰਦੀ ਰਹੀ, ਜਿਸ ਵਿਚ ਤਿੰਨ ਚਾਰ ਸਿੱਖ ਮਾਰੇ ਗਏ ਸਨ, ਉਸ ਸਮੇਂ ਦੇ ਕੇਂਦਰੀ ਗ੍ਰਹਿ ਸਕੱਤਰ ਸ੍ਰੀ ਟੀ ਐਨ ਚਤੁਰਵੇਦੀ ਜਦੋਂ ਇਸ ਘਟਨਾ ਪਿਛੋਂ ਅੰਮ੍ਰਿਤਸਰ ਆਏ ਤਾਂ ਉਹਨਾਂ ਨੇ ਮੋਰਚਾ ਡਿਕਟੇਟਰ ਸੰਤ ਹਰਚੰਦ ਸਿੰਘ ਲੌਂਗੋਵਾਲ ਨੂੰ ਮਿਲਣਾ ਚਾਹਿਆ ਤਾਂ ਸੰਤ ਜੀ ਨੇ ਇਹ ਕਹਿ ਕੇ ਮਿਲਣ ਤੋਂ ਇਨਕਾਰ ਕਰ ਦਿਤਾ, "ਸਿੱਖਾਂ ਦੀ ਕਾਤਲ ਸੀ ਆਰ ਪੀ ਨੂੰ ਪੰਜਾਬ ਵਿਚ ਤਾਇਨਾਤ ਕਰਨ ਦਾ ਜ਼ਿਮੇਵਾਰ ਚਤੁਰਵੇਦੀ ਹੈ। ਉਸ ਦੇ ਹਥ ਸਿੱਖਾਂ ਦੇ ਖ਼ੂਨ ਨਾਲ ਰੰਗੇ ਹੋਏ ਹਨ।" (ਪੰਜਾਬ ਦਾ ਲੋਕ ਨਾਇਕ—ਸਫਾ ੧੪੮)

ਸੰਤ ਲੌਂਗੋਵਾਲ ਵਰਗੇ ਸੰਤ ਮਹਾਂਪੁਰਖ, ਜੋ ਆਪਣੀ ਨਰਮ ਦਿਲੀ ਅਤੇ ਸਹਿਨਸ਼ੀਲਤਾ ਲਈ ਆਪਣੇ ਵਿਰੋਧੀਆਂ ਵਿਚ ਵੀ ਸਤਿਕਾਰੇ ਜਾਂਦੇ ਸਨ, ਵੀ ਸੀ ਆਰ ਪੀ ਤੋਂ ਦੁਖੀ ਸਨ। ਪੰਜਾਬ ਦੇ ਹਾਲਾਤ ਵਿਗਾੜਨ ਲਈ ਸਿੱਖਾਂ ਨੂੰ ਮੁਖ ਧਾਰਾ ਤੋਂ ਮੋੜ ਕੇ ਅੱਤਵਾਦੀ ਜਾਂ ਵੱਖਵਾਦੀ ਕਾਰਵਾਈਆਂ ਲਈ ਮਜਬੂਰ ਕਰਨ ਲਈ ਸੀ ਆਰ ਪੀ ਦਾ ਬੜਾ ਅਹਿਮ ਰੋਲ ਹੈ—ਜੇ ਕੁਝ ਸਮਾਂ ਫੋਰਸ ਪੰਜਾਬ ਵਿਚ ਹੋਰ ਰਹੀ ਤਾਂ ਮੈਨੂੰ ਡਰ ਹੈ ਕਿ ਹੌਲੀ ਹੌਲੀ ਸਾਰੇ ਸਿੱਖ ਹੀ ਖਾਲਿਸਤਾਨ-ਪੱਖੀ ਬਣ ਜਾਣਗੇ। ਸੀ ਆਰ ਪੀ ਦੇ ਬਦਸਲੂਕ ਦੀਆਂ ਅਨੇਕਾਂ ਉਦਾਹਰਣਾਂ ਹਨ।

ਨੀਲਾ ਤਾਰਾ ਕਾਰਵਾਈ ਤੋਂ ਪਹਿਲਾਂ ਅਨੇਕਾਂ ਵਾਰੀ ਸੀ ਆਰ ਪੀ ਨੇ ਸ੍ਰੀ ਦਰਬਾਰ ਸਾਹਿਬ ਕੰਪਲੈਕਸ ਤੇ, ਬਿਨਾਂ ਕਿਸੇ ਭੜਕਾਹਟ ਅੰਨ੍ਹੇਵਾਹ ਫ਼ਾਇਰਿੰਗ ਕੀਤੀ—ਆਖਰੀ ਵਾਰੀ ਪਹਿਲੀ ਜੂਨ ੧੯੮੪ ਨੂੰ ਲਗਾਤਾਰ ਸਤ ਘੰਟੇ ਫ਼ਾਇਰਿੰਗ ਕੀਤੀ ਸੀ, ਜਿਸ ਵਿਚ ਗਿਆਰਾਂ ਸਿੰਘ ਸ਼ਹੀਦ ਹੋਏ। ਫੌਜੀ ਕਾਰਵਾਈ ਲਈ ਸੀ ਆਰ ਪੀ ਨੇ ਮੈਦਾਨ ਤਿਆਰ ਕਰਕੇ ਦਿਤਾ।

ਸੀ ਆਰ ਪੀ ਵਲੋਂ ਕੇਵਲ ਉਹਨਾਂ ਸਕੂਟਰ ਸਵਾਰਾਂ, ਕਾਰਾਂ, ਜੀਪਾਂ ਆਦਿ ਦੀ ਚੈਕਿੰਗ ਕੀਤੀ ਜਾਂਦੀ ਹੈ, ਜਿਸ ਵਿਚ ਸਿੱਖ ਸਵਾਰ ਹੋਣ। ਬੱਸਾਂ ਦੀ ਚੈਕਿੰਗ ਕਰਨ ਸਮੇਂ ਵੀ ਕੇਵਲ ਸਿੱਖਾਂ ਨੂੰ ਪ੍ਰੇਸ਼ਾਨ ਕੀਤਾ ਜਾਂਦਾ ਹੈ। ਕਈ ਕਾਰਾਂ, ਬੱਸਾਂ,ਟਰੱਕਾਂ ਆਦਿ ਦੇ ਡਰਾਈਵਰਾਂ ਨੂੰ ਇਸ ਕਰਕੇ ਕੁਟਮਾਰ ਕੀਤੀ ਗਈ ਕਿ ਉਹਨਾਂ ਨੇ ਪਿਛੋਂ ਸੀ ਆਰ ਪੀ ਦੀ ਆ ਰਹੀ ਗੱਡੀ ਜਾਂ ਜੀਪ ਆਦਿ ਨੂੰ ਝਟਪਟ ਰਾਹ ਕਿਉਂ ਨਹੀਂ ਦਿਤਾ। ਇਸ ਕਾਰਨ ਅਨੇਕਾਂ ਥਾਵਾਂ ਤੇ ਇਹਨਾਂ ਦੁਖੀ ਡਰਾਈਵਰਾਂ ਵਲੋਂ ਟਰੈਫ਼ਿਕ ਜਾਮ ਕਰਨ ਦੀਆਂ ਖ਼ਬਰਾਂ ਅਕਸਰ ਆਉਂਦੀਆਂ ਰਹਿੰਦੀਆਂ ਹਨ।

ਪੱਤਰਕਾਰ ਆਪਣੇ ਆਪ ਨੂੰ ਵੀ ਆਈ ਪੀ ਸਮਝਦੇ ਹਨ। ਛੋਟੇ ਮੋਟੇ ਅਫਸਰ ਤਾਂ ਕੀ, ਵਜ਼ੀਰਾਂ ਦੀ ਵੀ ਪਰਵਾਹ ਨਹੀਂ ਕਰਦੇ। ਸਾਰੇ ਉਨ੍ਹਾਂ ਤੋਂ ਡਰਦੇ ਵੀ ਹਨ। ਸੀ ਆਰ ਪੀ ਵਲੋਂ ਅਨੇਕਾਂ ਪੱਤਰਕਾਰਾਂ ਨਾਲ ਵੀ ਦੁਰ-ਵਿਹਾਰ ਕੀਤਾ ਗਿਆ ਹੈ, ਭਾਵੇਂ ਉਨ੍ਹਾਂ ਆਪਣੇ 'ਪਛਾਣ ਪੱਤਰ' ਇਹਨਾਂ ਨੂੰ ਦਿਖਾਏ, ਪਰ ਇਹਨਾਂ ਕਦੀ ਪਰਵਾਹ ਨਹੀਂ ਕੀਤੀ। ਆਪਣੀ ਹੀ ਉਦਾਹਰਣ ਦਿੰਦਾ ਹਾਂ। ਕਰਫ਼ਿਊ ਲੱਗਾ ਸੀ। ਮੈਂ ਉਹਨਾਂ ਦਿਨਾਂ ਵਿਚ ਸ੍ਰੀ ਦਰਬਾਰ



www.AKJ.Org

ਸਾਹਿਬ ਕੰਪਲੈਕਸ ਅੰਦਰ ਰਹਿੰਦਾ ਸੀ। ਪਹਿਲੀ ਮਾਰਚ ੧੯੯੪ ਸਵੇਰੇ ਹੀ ਮੈਂ ਆਪਣੀ ਪਤਨੀ ਨੂੰ ਬੱਸ ਅੱਡੇ ਤੇ ਛੱਡਣ ਜਾਣਾ ਸੀ। ਮੇਰਾ ਸਕੂਟਰ ਸ੍ਰੀ ਗੁਰੂ ਰਾਮਦਾਸ ਲੰਗਰ ਦੇ ਤਹਿਖ਼ਾਨੇ ਵਿਚ ਬਣੇ 'ਕਾਰ ਸਟੈਂਡ' ਤੇ ਸੀ। ਅਸੀਂ ਰਾਮਸਰ ਰੋਡ ਰਾਹੀਂ ਬੱਸ ਅੱਡੇ ਤੇ ਗਏ। ਰਾਹ ਵਿਚ ਕਈ ਥਾਵਾਂ ਤੇ ਪੁਲਸ ਜਾਂ ਬੀ ਐਸ ਐਫ ਦੀਆਂ ਪਿਕਟਾਂ ਨੇ 'ਕਰਫਿਊ ਪਾਸ' ਵੇਖਿਆ ਅਤੇ ਅਗੇ ਜਾਣ ਦਿਤਾ। ਬੱਸ ਅੱਡੇ ਤੋਂ ਮੈਂ ਸਿਧੇ ਰਸਤੇ ਵਾਪਸ ਆ ਗਿਆ। ਸ਼ੇਰਾਂਵਾਲੇ ਗੇਟ ਪਾਸ ਬੀ ਐਸ ਐਫ ਨੇ ਕਰਫ਼ਿਊ ਪਾਸ ਵੇਖਿਆ। ਜਲ੍ਹਿਆਂਵਾਲੇ ਬਾਗ ਲਾਗੇ ਸੀ ਆਰ ਪੀ ਦੀ ਪਿਕਟ ਸੀ। ਮੈਂ ਆਪਣਾ ਸਕੂਟਰ, ਜਿਸ ਤੇ ਮੋਟੇ ਅੱਖਰਾਂ ਵਿਚ 'ਪ੍ਰੈਸ' ਲਿਖਿਆ ਹੈ ਤੇ ਆਪਣਾ 'ਪਛਾਣ ਪੱਤਰ' ਤੇ 'ਕਰਫ਼ਿਊ ਪਾਸ' ਕਢਿਆ ਤੇ ਦਸਿਆ ਕਿ ਮੈਂ ਪੱਤਰਕਾਰ ਹਾਂ ਤੇ ਮੇਰੇ ਪਾਸ ਕਰਫ਼ਿਊ ਪਾਸ ਹੈ, ਪਰ ਇਥੇ ਦੇ ਹਵਾਲਦਾਰ ਨੇ ਮੇਰੀ ਇਕ ਨਾ ਸੁਣੀ ਤੇ ਇਕਦਮ ਮੇਰੇ ਡੰਡੇ ਮਾਰਨੇ ਸ਼ੁਰੂ ਕਰ ਦਿਤੇ, 'ਦੌੜ ਜਾ, ਦੌੜ ਜਾ, ਕੋਈ ਪਾਸ ਨਹੀਂ ਚਲੇਗਾ।' ਕੁਟ ਖਾ ਕੇ ਮੈਂ ਰਾਮਸਰ ਰਾਹੀਂ ਵਾਪਸ ਆਇਆ। ਪਿਛੋਂ ਇਥੇ ਹੀ ਇਕ ਹੋਰ ਪੱਤਰਕਾਰ ਜੋਗਿੰਦਰਪਾਲ ਸਿੰਘ ਕੁੰਦਰਾ ਦੀ ਮਾਰਕੁਟ ਕੀਤੀ ਗਈ।

ਭਾਰਤੀ ਜਨਤਾ ਪਾਰਟੀ ਦੇ ਸਥਾਨਕ ਲੀਡਰ ਸ੍ਰੀ ਹਰਬੰਸ ਲਾਲ ਖੰਨਾ ਦੀ ਹੱਤਿਆ ਤੋਂ ਅਗਲੇ ਦਿਨ ਸੀ ਆਰ ਪੀ ਨੇ ਸ਼ਿਵਾਲਾ ਭਾਈਆਂ ਵਲ ਅਤੇ ਸਬਜ਼ੀ ਮੰਡੀ ਅੰਦਰ ਕਈ ਦੁਕਾਨਾਂ ਦੇ ਅੰਦਰ ਜਾ ਕੇ ੯ ਨਿਰਦੋਸ਼ ਸਿੱਖਾਂ ਨੂੰ ਗੋਲੀ ਨਾਲ ਉਡਾ ਦਿਤਾ। (ਪਿਛੋਂ ਕੁਝ ਖਾੜਕੂ ਸਿੱਖਾਂ ਨੇ ਇਹਨਾਂ ਸੀ ਆਰ ਪੀ ਵਾਲਿਆਂ ਦਾ ਪਤਾ ਕਰ ਲਿਆ, ਜਿਹਨਾਂ ਨੇ ਗੋਲੀਆਂ ਚਲਾਈਆਂ ਸਨ, ਤਾਂ ਇਹਨਾਂ ਸਭਨਾਂ ਬਹਾਦਰਾਂ ਨੂੰ ਪੰਜਾਬ ਤੋਂ ਬਹੁਤ ਦੂਰ ਆਸਾਮ ਵਲ ਕਿਤੇ ਤਬਦੀਲ ਕਰ ਦਿਤਾ ਗਿਆ)।

ਕਿਸੇ 'ਬੰਦ' ਦੇ ਸੱਦੇ ਦੌਰਾਨ ਜਾਂ ਕਰਫ਼ਿਊ ਦੌਰਾਨ ਅਨੇਕਾਂ ਸ਼ਹਿਰਾਂ ਵਿਚ ਗੁੰਡਾ ਤੇ ਸ਼ਰਾਰਤੀ ਅਨਸਰਾਂ ਨੇ ਸਿੱਖਾਂ ਦੀਆਂ ਦੁਕਾਨਾਂ ਲੁਟੀਆਂ ਜਾਂ ਸਾੜੀਆਂ, ਪਰ ਸੀ ਆਰ ਪੀ ਹਮੇਸ਼ਾ ਹੀ ਤਮਾਸ਼ਈ ਬਣ ਕੇ ਖੜੀ ਰਹੀ। ਸਾਡੇ ਪਾਸ ਇਕ ਵੀ ਉਦਾਹਰਣ ਨਹੀਂ ਕਿ ਕਿਤੇ ਸੀ ਆਰ ਪੀ ਨੇ ਫਿਰਕੂ ਤੇ ਗੁੰਡਾ ਅਨਸਰਾਂ ਨੂੰ ਸਿੱਖਾਂ ਤੇ ਹਮਲੇ ਕਰਨ ਜਾਂ ਦੁਕਾਨਾਂ ਸਾੜਨ ਤੇ ਲੁਟਣ ਤੋਂ ਰੋਕਿਆ ਹੋਏਗਾ।

ਬਹੁਤਾ ਦੂਰ ਨਾ ਜਾਈਏ—ਮੈਂ ਅੰਮ੍ਰਿਤਸਰ ਦੀਆ ਤਾਜ਼ਾ ਉਦਾਹਰਨਾਂ ਦਿੰਦਾ ਹਾਂ। ਗੋਹਲਵੜ ਵਿਖੇ ਇਕ ਫ਼ਿਰਕੇ ਦੇ ੮ ਵਿਅਕਤੀਆਂ ਦੀ ਹੱਤਿਆ ਦੇ ਰੋਸ ਵਜੋਂ ੨੧ ਜੂਨ ਨੂੰ 'ਅੰਮ੍ਰਿਤਸਰ ਬੰਦ' ਦੇ ਸੱਦੇ ਦੌਰਾਨ ਸੀ ਆਰ ਪੀ ਦੀ ਹਾਜ਼ਰੀ ਵਿਚ ੫ ਜਾਂ ੬ ਸਿੱਖਾਂ ਨੂੰ ਸ਼ਿਵ ਸੈਨਾ ਦੇ ਵਰਕਰਾਂ ਵਲੋਂ ਛੁਰੇ ਮਾਰੇ ਗਏ, ਪੰਜਾਬ ਰੋਡਵੇਜ਼ ਦੀ ਵਰਕਸ਼ਾਪ ਤੇ ਲਗਾਤਾਰ ਦੋ ਦਿਨ ਪਥਰਾਓ ਹੁੰਦਾ ਰਿਹਾ, ਖਾਲੀ ਬੋਤਲਾਂ ਤੇ ਤੇਜ਼ਾਬ ਸੁਟਿਆ ਜਾਂਦਾ ਰਿਹਾ, ਦੋ ਦੇਸੀ ਬੰਬ ਵੀ ਸੁਟੇ ਗਏ, ਪਰ ਸੀ ਆਰ ਪੀ ਨੇ ਕੋਈ ਐਕਸ਼ਨ ਨਹੀਂ ਲਿਆ। ਕਟੜਾ ਦੂਲੋ ਵਿਖੇ ਇਕ ਹਜੂਮ ਨੇ ਪੰਜਾਬ ਪੁਲਸ ਦੇ ਇਕ ਏ ਐਸ ਆਈ ਤੋਂ ਰਾਈਫਲ ਖੋਹ ਲਈ ਅਤੇ ਇਕ ਸਿਪਾਹੀ ਨੂੰ ਕੁਟ ਕੁਟ ਕੇ ਬੇਹੋਸ਼ ਕਰ ਦਿਤਾ। ਪੰਜਾਬ ਪੁਲਸ ਨੇ ਸੀ ਆਰ ਪੀ ਤੋਂ ਮਦਦ ਮੰਗੀ, ਪਰ ਇਹਨਾਂ ਸਾਫ ਇਨਕਾਰ ਕਰ ਦਿਤਾ। ਹਾਰ ਕੇ ਪੁਲਸ ਨੇ ਟਰੈਫ਼ਿਕ ਡਿਊਟੀ ਦੇ ਰਹੇ ਸਿਪਾਹੀ ਬੁਲਾਏ—ਜਿਹਨਾਂ ਪਿਛੋਂ 'ਆਤਮ ਬਚਾਓ' ਲਈ ਗੋਲੀ ਚਲਾਈ, ਜਿਸ ਵਿਚ ਇਕ ਫਿਰਕੇ ਦਾ ਇਕ ਜਵਾਨ ਮਾਰਿਆ ਗਿਆ, ਜਿਸ ਕਾਰਨ ਹਾਲਾਤ ਵਿਗੜੇ ਤੇ ਅਣਮਿਥੇ ਸਮੇਂ ਲਈ ਕਰਫਿਊ ਲਗਾਉਣਾ ਪਿਆ। ਜੇ ਸੀ ਆਰ ਪੀ ਨੇ ਆਪਣੀ ਜ਼ੁਮੇਵਾਰੀ ਤੋਂ ਕੰਮ ਲਿਆ ਹੁੰਦਾ ਤਾਂ ਹਾਲਾਤ ਤੇ ਕਾਬੂ ਪਾਇਆ ਜਾ ਸਕਦਾ ਸੀ—ਇਸ ਵਾਰੀ ਅੰਮ੍ਰਿਤਸਰ ਦੇ ਹਾਲਾਤ ਵਿਗਾੜਨ ਦੀ ਪੂਰੀ ਜ਼ਿਮੇਵਾਰੀ ਸੀ ਆਰ ਪੀ ਦੀ ਹੈ।

ਅਗਲੇ ਦਿਨ ਬੱਸ ਅੱਡੇ ਲਾਗੇ ਸੀ ਆਰ ਪੀ ਨੇ ਦੰਗਾ-ਪੀੜਤ-ਪਰਿਵਾਰਾਂ ਦੇ ਪ੍ਰਧਾਨ ਸ: ਹਰਮਿੰਦਰ ਸਿੰਘ ਸ਼ਮੀ ਤੇ ਬਿਨਾਂ ਕਿਸੇ ਕਾਰਨ ਗੋਲੀ ਚਲਾ ਕੇ ਸਖਤ ਜ਼ਖਮੀ ਕਰ ਦਿਤਾ। ਉਸਨੂੰ ਪਿਛੋਂ ਦੋ ਘੰਟੇ ਹਸਪਤਾਲ ਹੀ ਨਹੀਂ ਪਹੁੰਚਾਇਆ, ਸਗੋਂ ਉਸ ਤੇ ਝੂਠਾ ਪਿਸਤੌਲ ਆਦਿ ਪਾਉਣ ਵਿਚ ਲਗੇ ਰਹੇ। ਜੇ ਸਮੇਂ ਸਿਰ ਹਸਪਤਾਲ ਪਹੁੰਚਾਇਆ ਜਾਂਦਾ ਤੇ ਡਾਕਟਰੀ ਸਹਾਇਤਾ ਮਿਲ ਜਾਂਦੀ ਤਾਂ ਸ਼ਾਇਦ ਉਹ ਬਚ ਹੀ ਜਾਂਦਾ। ਇਸੇ ਤਰ੍ਹਾਂ ੨੭ ਜੂਨ ਨੂੰ ਪਿੰਡ ਜੋੜਾ ਵਿਖੇ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਦੇ ਰਾਗੀ ਭਾਈ ਹਰਭਜਨ ਸਿੰਘ, ਜਿਸ ਦਾ ਇਕ ਦਿਨ



www.AKJ.Org

ਪਹਿਲਾਂ ਹੀ ਵਿਆਹ ਹੋਇਆ ਸੀ ਤੇ ਉਸੇ ਦਿਨ ਮੁਕਲਾਵਾ ਲੈ ਕੇ ਆਇਆ ਸੀ, ਨੂੰ ਵਹਿਸ਼ੀਆਨਾ ਢੰਗ ਨਾਲ ਮਾਰ ਦਿਤਾ—ਅਖਬਾਰਾਂ ਨੂੰ ਖਬਰ ਦਿਤੀ ਗਈ ਕਿ ਉਹ ਇਕ ਮੁਕਾਬਲੇ ਵਿਚ ਮਾਰਿਆ ਗਿਆ ਹੈ, ਜਦੋਂ ਕਿ ਅਸਲੀਅਤ ਇਹ ਹੈ ਕਿ ਜਦੋਂ ਸੀ ਆਰ ਪੀ ਉਸ ਦੇ ਘਰ ਲਾਗੇ ਆਈ, ਤਾਂ ਉਸ ਨੇ ਸਮਝਿਆ ਕਿ ਲੁਟੇਰੇ ਲੁਟਣ ਆਏ ਹਨ। ਇਸ ਲਈ ਉਸ ਨੇ ਆਪਣੇ ਘਰ ਦੀ ਛੱਤ ਤੇ ਖੜੋ ਕੇ ਰੌਲਾ ਵੀ ਪਾਇਆ ਕਿ 'ਬਚਾਓ'। ਇਸੇ ਤੇ ਸੀ ਆਰ ਪੀ ਨੇ ਗੋਲੀ ਮਾਰ ਕੇ ਉਥੇ ਹੀ ਢਹਿ ਢੇਰੀ ਕਰ ਦਿਤਾ।

ਐਤਵਾਰ ੨੨ ਜੂਨ ਨੂੰ ਅੰਮ੍ਰਿਤਸਰ ਪੁਲਸ ਨੇ ਇਕ ਫ਼ਿਰਕੇ ਦੇ ੩੯ ਬੰਦੇ ਕਰਫ਼ਿਊ ਦੀ ਉਲੰਘਣਾ ਦੇ ਦੋਸ਼ ਵਿਚ ਪਕੜ ਕੇ ਹਵਾਲਾਤ ਚਿ ਬੰਦ ਕੀਤੇ ਸਨ, ਜੋ ਮਾਰ ਧਾੜ ਕਰ ਰਹੇ ਸਨ। ਸੀ ਆਰ ਪੀ ਦੇ ੨੫-੩੦ ਹਥਿਆਰ-ਬੰਦ ਜਵਾਨਾਂ ਨੇ ਸਬੰਧਤ ਥਾਣੇ ਤੇ ਹਮਲਾ ਕਰ ਕੇ, ਉਥੇ ਸਟਾਫ਼ ਦੇ ੬-੭ ਬੰਦਿਆਂ ਨੂੰ ਬੁਰੀ ਤਰ੍ਹਾਂ ਕੁਟਮਾਰ ਕੇ, ਇਹ ੩੯ ਬੰਦੇ ਹਵਾਲਾਤ ਵਿਚੋਂ ਛੁਡਵਾ ਲਏ। ਇਹ ਵਾਰਦਾਤ ਬਿਲਕੁਲ ਉਸੇ ਤਰ੍ਹਾਂ ਦੀ ਹੈ, ਜਿਸ ਤਰ੍ਹਾਂ ਜਲੰਧਰ ਦੀ ਕਚਹਿਰੀ ਵਿਚੋਂ ਕਥਿਤ ਅੱਤਵਾਦੀਆਂ ਨੇ ਕਾਤਲਾਂ ਨੂੰ ਛੁਡਵਾਇਆ ਸੀ। ਇਥੇ ਆਮ ਚਰਚਾ ਹੈ ਕਿ ਸੀ ਆਰ ਪੀ ਨੇ ਜਿਹੜੇ ੩੯ ਬੰਦੇ ਛੁਡਵਾਏ ਸਨ, ਉਨ੍ਹਾਂ ਵਿਚ ਬਹੁਤੇ ਸਫੈਦ ਕਪੜਿਆਂ ਵਿਚ ਸੀ ਆਰ ਪੀ ਦੇ ਹੀ ਜਵਾਨ ਸਨ, ਜੋ ਮਾਰਧਾੜ ਕਰ ਰਹੇ ਸਨ। ਇਸ ਘਟਨਾ ਦੇ ਸੰਬੰਧ ਵਿਚ ਪੁਲਸ ਨੇ ਕੇਸ ਦਰਜ ਕਰ ਲਿਆ ਹੈ। ਸੀ ਆਰ ਪੀ ਦੀ ਇਹ ਕੰਪਨੀ ਵੀ ਪੰਜਾਬ ਤੋਂ ਬਾਹਰ ਭੇਜ ਦਿਤੀ ਗਈ ਹੈ।

ਅੰਮ੍ਰਿਤਸਰ ਕਰਿਸ਼ਨਾ ਨਗਰ ਕਾਂਡ ਵਿਚ ੧੧ ਬੰਦੇ ਮਾਰੇ ਗਏ ਸਨ। ਕਿਹਾ ਜਾਂਦਾ ਹੈ ਕਿ ਕਥਿਤ ਅੱਤਵਾਦੀਆਂ ਨੇ ੯ ਬੰਦੇ ਮਾਰੇ ਸਨ—ਦੋ ਸਿਖਾਂ ਨੂੰ ਪਿਛੋਂ ਸੀ ਆਰ ਪੀ ਨੇ ਮਾਰਿਆ ਹੈ।

ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਸ੍ਰੀ ਰਮੇਸ਼ ਇੰਦਰ ਸਿੰਘ ਨੇ ੧੯ ਜੂਨ ਨੂੰ ਜ਼ਿਲੇ ਦਾ ਦੌਰਾ ਕੀਤਾ। ਪਿੰਡ ਮੁਰਾਦਪੁਰ ਦੇ ਲੋਕਾਂ ਨੇ ਉਹਨਾਂ ਨੂੰ ਦੋ ਮੁੰਡੇ ਅਮਰ ਸਿੰਘ ਤੇ ਅਮਰਜੀਤ ਸਿੰਘ ਪੇਸ਼ ਕੀਤੇ ਤੇ ਉਹਨਾਂ ਦੇ ਸਰੀਰ ਤੇ ਸੀ ਆਰ ਪੀ ਦੀ ਕੁਟਮਾਰ ਨਾਲ ਪਈਆਂ ਲਾਸਾਂ ਵਿਖਾਈਆਂ। ਉਹਨਾਂ ਦਸਿਆ ਕਿ ਇਹਨਾਂ ਦੋਨਾਂ ਅੰਮ੍ਰਿਤਧਾਰੀ ਸਿੰਘਾਂ ਨੂੰ ਬਿਨਾਂ ਕਿਸੇ ਕਾਰਨ ਸੀ ਆਰ ਪੀ ਨੇ ਕੁਟਮਾਰ ਕੀਤੀ ਹੈ। ਡਿਪਟੀ ਕਮਿਸ਼ਨਰ ਦੇ ਕਹਿਣ ਤੇ ਇਹਨਾਂ ਦੋਵਾਂ ਸਿੰਘਾਂ ਦਾ ਡਾਕਟਰੀ ਮੁਆਇਨਾ ਕਰਕੇ ਕੇਸ ਦਰਜ ਕੀਤਾ ਗਿਆ ਹੈ। ਇਸੇ ਤਰ੍ਹਾਂ ਤਰਨਤਾਰਨ ਵਿਖੇ ਕੁਝ ਅਧਿ-ਕਾਰੀਆਂ ਨੇ ਦਸਿਆ ਕਿ ਇਕ ਕਥਿਤ ਸਮਗਲਰ ਨਰਿੰਦਰ ਕੁਮਾਰ, ਜੋ ਪੁਲਸ ਨੇ ਕੁਝ ਦਿਨ ਪਹਿਲਾਂ ਹੀ ਪਕੜਿਆ ਸੀ, ਦੇ ਸਾਥੀਆਂ ਨੂੰ ਗ੍ਰਿਫ਼ਤਾਰ ਕਰਨ ਲਈ ਸਾਰੇ ਅੱਡਿਆਂ ਤੇ ਛਾਪਾ ਮਾਰਿਆ ਗਿਆ, ਪਰ ਉਹ ਕਿਤੇ ਨਹੀਂ ਲਭੇ। ਉਸ ਨੂੰ ਸੀ ਆਰ ਪੀ ਵਾਲਿਆਂ ਨੇ ਆਪਣੇ ਪਾਸ ਛੁਪਾਇਆ ਹੋਇਆ ਹੈ। ਇਸੇ ਤਰ੍ਹਾਂ ਹਿੰਦੂ ਸ਼ਿਵ ਸੈਨਾ ਦੇ ਕਈ ਵਰਕਰ ਜੋ ਪੁਲਸ ਨੂੰ ਲੋੜੀਂਦੇ ਹਨ, ਸੀ ਆਪ ਪੀ ਨੇ ਆਪਣੇ ਪਾਸ ਛੁਪਾਏ ਹੋਏ ਹਨ ਤੇ ਕਹਿੰਦੇ ਹਨ, 'ਯਹ ਹਮਾਰੇ ਹਿੰਦੂ ਭਾਈ ਹੈਂ।'

ਤਰਨਤਾਰਨ ਲਾਗੇ ਹੀ ਪਿੰਡ ਮਥਰੇਵਾਲ ਵਿਚ ੧੪ ਜੂਨ ਰਾਤ ਨੂੰ ਕਥਿਤ ਅੱਤਵਾਦੀਆਂ ਨੇ ਦੋ ਘੰਟੇ ਵਿਚ ਲਗਪਗ ੫੦੦ ਗੋਲੀ ਚਲਾਈ ਅਤੇ ਇਕ ਪਰਿਵਾਰ ਦੇ ਦੋ ਮੈਂਬਰ ਮਾਰ ਦਿਤੇ। ਸੀ ਆਰ ਪੀ ਦੀ ਪਿਕਟ ਇਥੋਂ ਮਸਾਂ ਹੀ ਇਕ ਕਿਲੋਮੀਟਰ ਪਿੰਡ ਕੰਗ ਵਿਖੇ ਸੀ। ਦੂਜੇ ਦਿਨ ਸਵੇਰੇ ਜਦੋਂ ਉਹਨਾਂ ਨੇ ਪੁਛਿਆ ਕਿ ਤੁਮੀਂ ਗੋਲੀਆਂ ਦੀ ਆਵਾਜ਼ ਸੁਣ ਕੇ ਪਿੰਡ ਕਿਉਂ ਨਹੀਂ ਪਹੁੰਚੇ ਤਾਂ ਅਗੋਂ ਜਵਾਬ ਮਿਲਿਆ, 'ਹਮ ਨੇ ਸਮਝਾ ਕਿ ਕਿਸੀ ਵਿਆਹ ਸ਼ਾਦੀ ਮੇਂ ਪਟਾਕੇ ਚਲ ਰਹੇ ਹੈਂ।'

—ਅਜੀਤ ੧੦-੭-੮੬

ਇਹ ਕੁਝ ਇਕ ਉਦਾਹਰਣਾਂ ਹਨ, ਇਸ ਤਰ੍ਹਾਂ ਦੀਆਂ ਸੈਂਕੜੇ ਉਦਾਹਰਣਾਂ ਦਿਤੀਆਂ ਜਾ ਸਕਦੀਆਂ ਹਨ। ਇਹ ਦੋਸ਼ ਗਲਤ ਹੈ ਕਿ ਸਾਰੇ ਪੰਜਾਬ ਪੁਲਸ ਵਾਲੇ ਕਥਿਤ ਅੱਤਵਾਦੀਆਂ ਨਾਲ ਮਿਲੇ ਹੋਏ ਹਨ। ਇਹ ਪੰਜਾਬ ਪੁਲਸ ਹੀ ਸੀ, ਜਿਸ ਨੇ ਸਿੱਖਾਂ ਨੂੰ ਝੂਠੇ ਪੁਲਸ ਮੁਕਾਬਲਿਆਂ ਵਿਚ ਮਾਰਨਾ ਸ਼ੁਰੂ ਕੀਤਾ, ਜਿਸ ਨਾਲ ਹਾਲਾਤ ਵਿਗੜੇ। ਅਸਲੀ ਮੁਕਾਬਲੇ ਵੀ ਪੁਲਸ ਨਾਲ ਹੀ ਹੋਏ ਹਨ। ਇਹੋ ਕਾਰਨ ਹੈ ਕਿ ਹੁਣ ਤਕ ੫੦-੬੦ ਤੋਂ ਉਪਰ ਪੁਲਸ ਵਾਲੇ ਇਨ੍ਹਾਂ ਮੁਕਾਬਲਿਆਂ ਵਿਚ ਮਾਰੇ ਗਏ ਹਨ ਅਤੇ ਸੈਂਕੜੇ ਜ਼ਖਮੀ ਹੋਏ ਹਨ, ਜਦੋਂ ਕਿ ਸੀ. ਆਰ. ਪੀ. ਨੇ



www.AKJ.Org

ਕੇਵਲ ਝੂਠੇ ਮੁਕਾਬਲੇ ਬਣਾਏ ਹਨ। ਅਸਲੀ ਮੁਕਾਬਲੇ ਹੁੰਦੇ ਤਾਂ ਉਨ੍ਹਾਂ ਦੇ ਵੀ ਕੁਝ ਬੰਦੇ ਮਰਦੇ ਜਾਂ ਜ਼ਖਮੀ ਹੁੰਦੇ। ਕਥਿਤ ਅੱਤਵਾਦੀਆਂ ਨੇ ਹਿੱਟ ਲਿਸਟਾਂ ਵੀ ਬਹੁਤੇ ਪੁਲਸ ਵਾਲਿਆਂ ਦੀਆਂ ਬਣਾਈਆਂ ਹਨ। ਬਹੁਤ ਕਥਿਤ ਅੱਤਵਾਦੀ ਪਕੜੇ ਵੀ ਪੁਲਸ ਨੇ ਹੀ ਹਨ। ਦਰਅਸਲ ਇਕ ਸਾਜ਼ਿਸ਼ ਅਧੀਨ ਜਨੂੰਨੀਆਂ, ਪ੍ਰੈਸ ਅਤੇ ਸੀ. ਆਰ. ਪੀ. ਵਾਲਿਆਂ ਵਲੋਂ ਪੰਜਾਬ ਪੁਲਸ ਨੂੰ ਬਦਨਾਮ ਕੀਤਾ ਜਾ ਰਿਹਾ ਹੈ; ਕਿਉਂਕਿ ਪੰਜਾਬ ਪੁਲਸ ਵਿਚ ਬਹੁਤੇ ਸਿੱਖ ਹਨ। (ਭਾਵੇਂ ਅਫਸਰਾਂ ਵਿਚ ਬਹੁਤੇ ਗੈਰ-ਸਿੱਖ ਹਨ) ਇਸ ਤਰ੍ਹਾਂ ਪੁਲਸ ਨੂੰ ਬਦਨਾਮ ਕਰਕੇ ਇਥੇ ਫੌਜ ਜਾਂ ਸੀ. ਆਰ. ਪੀ. ਨੂੰ ਪੱਕੇ ਤੌਰ ਤੇ ਤਾਇਨਾਤ ਕਰਨ ਲਈ ਸਾਜ਼ਿਸ਼ਾਂ ਰਚੀਆਂ ਜਾ ਰਹੀਆਂ ਹਨ। ਪੁਲਸ ਵਾਲੇ ਵੀ ਦੁਧ ਧੋਤੇ ਨਹੀਂ ਹਨ। ਉਨ੍ਹਾਂ ਤੇ ਲਗਦੇ ਸਾਰੇ ਦੋਸ਼ ਗਲਤ ਨਹੀਂ ਹਨ। ਅਜਿਹੀਆਂ ਕਈ ਉਦਾਹਰਣਾਂ ਹਨ ਕਿ ਪੁਲਸ ਵਾਲਿਆਂ ਨੇ ਕਥਿਤ ਅਤਵਾਦੀਆਂ ਦੀ ਕਿਸੇ ਨਾ ਕਿਸੇ ਤਰ੍ਹਾਂ ਮਦਦ ਕੀਤੀ ਹੈ। ਪੁਲਸ ਵਾਲੇ ਬਹੁਤੇ ਪੰਜਾਬ ਦੇ ਹੀ ਰਹਿਣ ਵਾਲੇ ਹਨ, ਕਿਸੇ ਨਾ ਕਿਸੇ ਪੁਲਸੀਏ ਦੀ ਕਿਸੇ ਕਥਿਤ ਅੱਤਵਾਦੀ ਨਾਲ ਰਿਸ਼ਤੇਦਾਰੀ, ਵਾਕਫੀਅਤ ਆਦਿ ਹੋ ਸਕਦੀ ਹੈ, ਜਿਸ ਦੀ ਮਦਦ ਕਰਨਾ ਸੁਭਾਵਕ ਹੀ ਹੈ। ਪੰਜਾਬ ਅਤੇ ਸਿੱਖਾਂ ਨਾਲ ਪਿਛਲੇ ੩੯ ਸਾਲਾਂ ਤੋਂ ਧੱਕਾ ਹੋ ਰਿਹਾ ਹੈ, ਜਿਸ ਨੂੰ ਕੋਈ ਇਮਾਨਦਾਰ ਪੰਜਾਬੀ ਬਰਦਾਸ਼ਤ ਨਹੀਂ ਕਰ ਸਕਦਾ। ਜੇ ਸਰਕਾਰ ਅਤੇ ਫਿਰਕੂ ਪ੍ਰੈਸ ਨੇ ਸਾਰੇ ਸਿੱਖਾਂ ਤੇ ਹੀ ਅੱਤਵਾਦੀ ਤੇ ਵੱਖਵਾਦੀ ਦਾ ਲੇਬਲ ਲਗਾ ਦਿਤਾ ਹੈ ਤਾਂ ਪੁਲਸ ਵਾਲੇ ਵੀ ਤਾਂ ਇਨ੍ਹਾਂ ਵਿਚ ਹੀ ਸ਼ਾਮਿਲ ਹਨ।

ਇਹ ਵੀ ਇਕ ਹਕੀਕਤ ਹੈ ਅਤੇ ਕਥਿਤ ਦਹਿਸ਼ਤਪਸੰਦਾਂ ਵਿਚ ਪੁਲਸ ਦੇ ਕੁਝ ਡਿਸਮਿਸ ਹੋਏ ਜਾਂ ਭਗੌੜੇ ਸਿਪਾਹੀ ਵੀ ਹਨ। ਕਥਿਤ ਦਹਿਸ਼ਤਪਸੰਦਾਂ ਨੇ ਕਈ ਵਾਰਦਾਤਾਂ ਪੁਲਸ ਦੀ ਵਰਦੀ ਪਾ ਕੇ ਕੀਤੀਆਂ ਹਨ, ਜਿਸ ਕਰਕੇ ਕਈਆਂ ਨੇ ਇਹੋ ਪਰਚਾਰ ਕੀਤਾ ਕਿ ਪੁਲਸ ਵਾਲੇ ਅੱਤਵਾਦੀ ਕਾਰਵਾਈਆਂ ਕਰ ਰਹੇ ਹਨ। ਦਹਿਸ਼ਤਪਸੰਦ ਤਾਂ ਪਕੜੇ ਜਾਣ ਤੋਂ ਬਚਣ ਲਈ ਹਰ ਹੀਲਾ ਵਰਤਣਗੇ। ਫੌਜੀ ਰਾਜ ਦੇ ਦੌਰਾਨ ਗੋਰਾਇਆ ਲਾਗੇ ੫-੬ ਕਥਿਤ ਅੱਤਵਾਦੀਆਂ ਨੇ ਫੌਜੀ ਵਰਦੀ ਪਹਿਨ ਕੇ ਕੋਈ ਵਾਰਦਾਤ ਕੀਤੀ ਸੀ, ਜੇ ਦੋ ਚਾਰ ਹੋਰ ਅਜਿਹੀਆਂ ਵਾਰਦਾਤਾਂ ਹੋ ਜਾਂਦੀਆਂ, ਤਾਂ ਸਿਖ ਫੌਜੀਆਂ ਦਾ ਨਾਂ ਵੀ ਦਹਿਸ਼ਤਪਸੰਦਾਂ ਨਾਲ ਜੁੜ ਜਾਣਾ ਸੀ।......

ਪੁਲਸ ਦੇ ਮੁਕਾਬਲੇ ਸੀ. ਆਰ. ਪੀ. ਦੀਆਂ ਤਨਖਾਹਾਂ, ਭੱਤੇ ਤੇ ਰਾਸ਼ਨ ਆਦਿ ਦੀਆਂ ਸਹੂਲਤਾਂ ਪੰਜਾਬ ਪੁਲਸ ਨਾਲੋਂ ਬਹੁਤ ਵਧ ਹਨ। ਉਹ ਕੇਵਲ ੮ ਘੰਟੇ ਡਿਊਟੀ ਦਿੰਦੇ ਹਨ, ਜਦੋਂ ੮ ਘੰਟੇ ਹੋ ਗਏ, ਉਨ੍ਹਾਂ ਵਾਪਸ ਆਪਣੇ ਟਿਕਾਣੇ ਤੇ ਚਲੇ ਜਾਣਾ ਹੁੰਦਾ ਹੈ। ਉਨ੍ਹਾਂ ਪਾਸ ਨਵੀਨ ਹਥਿਆਰ ਹਨ। ਉਹ ੧੦੦ ਗਜ਼ ਵੀ ਪੈਦਲ ਤੁਰਨਾ ਪਸੰਦ ਨਹੀਂ ਕਰਦੇ, ਗੱਡੀ ਵਿਚ ਜਾਣਾ ਹੀ ਪਸੰਦ ਕਰਦੇ ਹਨ। ਉਹ ਕਿਸੇ ਵੀ ਵਾਰਦਾਤ ਵਾਲੀ ਥਾਂ ਤੇ ੮ ਤੋਂ ਘੱਟ ਨਹੀਂ ਜਾਂਦੇ, ਜਦੋਂ ਕਿ ਪੁਲਸ ਵਾਲੇ ਦੋ ਬੰਦੇ ਵੀ ਚਲੇ ਜਾਂਦੇ ਹਨ। ਸੀ. ਆਰ. ਪੀ. ਪੰਜਾਬ ਪੁਲਸ ਦੇ ਸਹਿਯੋਗ ਲਈ ਤਾਇਨਾਤ ਕੀਤੀ ਗਈ ਹੈ, ਪਰ ਉਹ ਆਪਣੇ ਆਪ ਨੂੰ ਹੁਕਮਰਾਨ ਸਮਝਦੇ ਹਨ, ਪੁਲਸ ਦੇ ਕਿਸੇ ਅਫਸਰ ਦਾ ਵੀ ਹੁਕਮ ਨਹੀਂ ਮੰਨਦੇ, ਕਹਿੰਦੇ ਹਨ 'ਹਮ ਅਪਨੇ ਅਫਸਰ ਕੇ ਕਹਿਨੇ ਪਰ ਹੀ ਯਹ ਕਾਮ ਕਰੇਂਗੇ।' ਹੋਰ ਤਾਂ ਹੋਰ ਅੰਮ੍ਰਿਤਸਰ ਵਿਚ ਡਿਪਟੀ ਕਮਿਸ਼ਨਰ ਜੋ ਜ਼ਿਲਾ ਮੈਜਿਸਟਰੇਟ ਵੀ ਹਨ, ਵਲੋਂ ਜਾਰੀ ਕੀਤੇ ਕਰਫਿਊ ਪਾਸ ਅਨੇਕ ਥਾਵਾਂ ਤੇ ਫਾੜ ਦਿਤੇ ਹਨ।

ਇਕ ਪੁਲਸ ਅਫਸਰ ਨੇ ਮੈਨੂੰ ਦਸਿਆ ਸੀ ਕਿ ਸੀ ਆਰ ਪੀ ਵਾਲੇ ਨਿਰਦੋਸ਼ ਸਿੱਖਾਂ ਨੂੰ ਪਕੜ ਕੇ ਦੋ-ਦੋ ਤਿੰਨ-ਤਿੰਨ ਦਿਨ ਆਪਣੀ ਨਾਜਾਇਜ਼ ਹਿਰਾਸਤ ਵਿਚ ਰੱਖ ਕੇ ਟਾਰਚਰ ਕਰਦੇ ਰਹਿੰਦੇ ਹਨ, ਫਿਰ ਹੀ ਪੁਲਸ ਦੇ ਹਵਾਲੇ ਕਰਦੇ ਹਨ। ਇਨ੍ਹਾਂ ਸੀ ਆਰ ਪੀ ਵਾਲਿਆਂ ਨੇ ਕਿਸੇ ਵੀ ਕੇਸ ਦੀ ਤਫਤੀਸ਼ ਨਹੀਂ ਕਰਨੀ ਹੁੰਦੀ ਅਤੇ ਨਾ ਹੀ ਮੁਕੱਦਮੇ ਦੀ ਪੈਰਵੀ ਕਰਨੀ ਹੁੰਦੀ ਹੈ, ਜੇ ਅਜਿਹਾ ਕਰਨਾ ਪਵੇ ਤਾਂ ਇਨ੍ਹਾਂ ਨੂੰ ਹੋਸ਼ ਆ ਜਾਏ। ਇਨ੍ਹਾਂ ਦੀ ਜ਼ੁਮੇਵਾਰੀ ਹੀ ਕੋਈ ਨਹੀਂ ਹੈ ਅਤੇ ਨਾ ਹੀ ਆਪਣੇ ਅਫਸਰਾਂ ਤੋਂ ਬਿਨਾਂ ਕਿਸੇ ਨੂੰ ਜਵਾਬ-ਦੇਹ ਹਨ। ਲੋਕਾਂ ਨੂੰ ਪਰੇਸ਼ਾਨ ਕਰਨ ਲਈ ਇਨ੍ਹਾਂ ਪਾਸ ਅਧਿਕਾਰ ਬਹੁਤੇ ਹਨ, ਮਾੜੀ ਜਿਹੀ ਗੱਲ ਤੇ ਨਿਰਦੋਸ਼ ਸਿੱਖਾਂ ਨੂੰ ਗੋਲੀ ਮਾਰ ਦਿੰਦੇ ਹਨ, ਪਿਛਲੇ ੫ ਸਾਲਾਂ ਵਿਚ ਕਿਸੇ ਗ਼ੈਰ-ਸਿੱਖ ਨੂੰ ਗੋਲੀ ਮਾਰਨ ਦੀ ਖਬਰ ਨਹੀਂ ਸੁਣੀ।

ਪੰਜਾਬ ਵਿਚ ਸੀ ਆਰ ਪੀ ਤਾਇਨਾਤ ਕਰਨ ਲਈ ਅਸੀਂ ਸਿੱਖ ਵਿਸ਼ੇਸ਼ ਕਰਕੇ ਖਾੜਕੂ ਸਿੰਘ, ਜੋ ਮਾਰਧਾੜ,



www.AKJ.Org

ਦੀਆਂ ਕਾਰਵਾਈਆਂ ਕਰ ਰਹੇ ਹਨ, ਜ਼ੁਮੇਵਾਰ ਹਨ। ਪਿਛਲੀਆਂ ਚੋਣਾਂ ਅਤੇ ਅਕਾਲੀ ਸਰਕਾਰ ਦੀ ਸਥਾਪਨਾ ਤੋਂ ਪਿਛੋਂ ਬਹੁਤ ਸਾਰੀ ਸੀ ਆਰ ਪੀ ਫੋਰਸ ਪੰਜਾਬ ਵਿਚੋਂ ਵਾਪਸ ਬੁਲਾ ਕੇ ਜੰਮੂ-ਕਸ਼ਮੀਰ ਅਤੇ ਆਸਾਮ ਵਿਚ ਭੇਜ ਦਿਤੀ ਗਈ ਸੀ। ਜਿਹੜੇ ਇਥੇ ਰਹਿ ਗਏ ਸਨ, ਉਨ੍ਹਾਂ ਦਾ ਰਵਈਆ ਚੰਗਾ ਹੋ ਗਿਆ ਸੀ, ਅੱਖ ਵਿਚ ਪਾਏ ਨਹੀਂ ਰੜਕਦੇ ਸਨ, ਪਰ ਸਾਡੇ ਖਾੜਕੂ ਸਿੰਘਾਂ ਨੇ ਨਿਰਦੋਸ਼ ਲੋਕਾਂ ਦੀ ਹਤਿਆ ਅਤੇ ਲੁਟਮਾਰ ਦੀਆਂ ਵਾਰਦਾਤਾਂ ਫਿਰ ਸ਼ੁਰੂ ਕਰਕੇ ਦੋਬਾਰਾ ਹੋਰ ਸੀ ਆਰ ਪੀ ਪੰਜਾਬ ਵਿਚ ਬੁਲਵਾ ਲਈ। ਅਕਾਲੀ ਲੀਡਰਾਂ ਦੀ ਆਪਸੀ ਲੜਾਈ ਕਾਰਨ ਸ੍ਰਕਾਰ ਤੇ ਸਿੱਖਾਂ ਦੀ ਸਾਖ ਗਿਰੀ ਤੇ ਇਹ ਸੀ ਆਰ ਪੀ ਵਾਲੇ ਦਿਨੋ ਦਿਨ ਸ਼ੇਰ ਹੁੰਦੇ ਗਏ। ਅਗੇ ਪੰਜਾਬ ਵਿਚ ਅਮਨ ਕਾਨੂੰਨ ਤੇ ਲਗਪਗ ੨੦-੨੨ ਕ੍ਰੋੜ ਰੁਪਏ ਸਾਲਾਨਾ ਖਰਚ ਹੁੰਦੇ ਸਨ, ਹੁਣ ੮੦ ਕ੍ਰੋੜ ਤੋਂ ਵੀ ਵਧ ਹੋ ਰਹੇ ਹਨ।

ਪੰਜਾਬ ਬਚਾਉਣ ਲਈ ਜ਼ਰੂਰੀ ਹੈ ਕਿ ਸੀ ਆਰ ਪੀ ਨੂੰ ਇਥੋਂ ਵਾਪਸ ਭੇਜਿਆ ਜਾਵੇ। ਪੁਲਸ ਦੀ ਨਵੀਂ ਭਰਤੀ ਕਰਕੇ ਸਾਰੀਆਂ ਖਾਲੀ ਅਸਾਮੀਆਂ ਭਰਨੀਆਂ ਚਾਹੀਦੀਆਂ ਹਨ। ਹਰ ਚੌਕੀ ਨੂੰ ਅੱਪ ਗਰੇਡ ਕਰਕੇ ਪੂਰਾ ਥਾਣਾ ਬਣਾ ਕੇ ਅਤੇ ਨਵੀਆਂ ਗੱਡੀਆਂ, ਵਾਇਰਲੈਸ ਸੈੱਟ, ਨਵੀਨ ਹਥਿਆਰ ਆਦਿ ਦੇ ਕੇ ਪੰਜਾਬ ਪੁਲਸ ਨੂੰ ਹੀ ਅਮਨ ਕਾਨੂੰਨ ਦੀ ਰਾਖੀ ਲਈ ਤਿਆਰ ਕਰਨਾ ਚਾਹੀਦਾ ਹੈ। ਜੇ ਪੁਲਸ ਦੀ ਸਹਾਇਤਾ ਲਈ ਹੋਰ ਫ਼ੋਰਸ ਦੀ ਲੋੜ ਹੈ ਤਾਂ ਸੀ ਆਰ ਪੀ ਦੀ ਥਾਂ ਬੀ ਐਸ ਐਫ ਅਤੇ ਆਸਾਮ ਰਾਈਫਲ ਆਦਿ ਜਿਹੀਆਂ ਨਿਰਪੱਖ ਫੋਰਸਾਂ ਤਾਇਨਾਤ ਕਰਨੀਆਂ ਚਾਹੀਦੀਆਂ ਹਨ। ਨਵੀਂ ਭਰਤੀ ਵਿਚ ਪੰਜਾਬ ਦੇ ਸਾਰੇ ਵਰਗਾਂ ਨੂੰ ਮੈਰਿਟ ਦੇ ਆਧਾਰ ਤੇ ਭਰਤੀ ਕਰਨਾ ਚਾਹੀਦਾ ਹੈ, ਤਾਂ ਜੁ ਕਿਸੇ ਵੀ ਵਰਗ ਨੂੰ ਪੁਲਸ ਤੇ ਕੋਈ ਸ਼ਿਕਾਇਤ ਕਰਨ ਦਾ ਬਹਾਨਾ ਨਾ ਮਿਲ ਸਕੇ।

ਕਿਸੇ ਵੀ ਥਾਂ ਤੇ ਪੁਲਸ ਜਾਂ ਸੀ ਆਰ ਪੀ ਜਾਂ ਬੀ ਐਸ ਐਫ ਵਲੋਂ ਧੱਕਾ ਹੁੰਦਾ ਹੈ, ਤਾਂ ਉਸ ਇਲਾਕੇ ਦੇ ਲੋਕਾਂ ਨੂੰ ਸ਼ਾਂਤਮਈ ਢੰਗ ਨਾਲ ਧਰਨਾ ਦੇ ਕੇ ਸਬੰਧਤ ਫੋਰਸ ਵਿਰੁਧ ਕਾਰਵਾਈ ਕਰਨ ਲਈ ਅਧਿਕਾਰੀਆਂ ਨੂੰ ਮਜਬੂਰ ਕਰਨਾ ਚਾਹੀਦਾ ਹੈ। —ਅਜੀਤ ੧੧-੭-੮੬

---

## ਗ਼ਜ਼ਲ

(ਗਿ: ਗੋਪਾਲ ਸਿੰਘ ਜੀ 'ਮਿੱਤਰ')

ਮੁਬਾਰਕ ਹੈ ਉਹ ਹਿਰਦਾ ਜਿਸ ਨੂੰ ਲਗੀ ਲਿਲ ਪਿਆਰੇ ਦੀ।
ਤਰੁੱਠਾ ਆਪ ਸਾਈਂ ਸੂਝ ਦਿਤੀ ਜਿਸ ਕਿਨਾਰੇ ਦੀ।

ਕਈ ਜਨਮਾਂ ਦੇ ਸੁੱਤੇ ਸੰਸਕਾਰਾਂ ਪਰਤਿਆ ਪਾਸਾ;
ਕਿਸੇ ਅਰਸ਼ੀ ਇਸ਼ਾਰੇ ਤਾਂਘ ਲਾ ਦਿਤੀ ਹਜ਼ਾਰੇ ਦੀ। (ਹਜ਼ੂਰੀ)

ਵਿਛੋੜੇ ਦੀ ਕਸਕ ਨੇ ਆ ਜਗਾ ਦਿਤੀ ਵਸਲ-ਇੱਛਾ;
ਮਨੋ ਭਾਵਾਂ ਚਿ ਬਿਜਲੀ ਕੂੰਦ ਗਈ ਅਣਡਿਠ ਨਜ਼ਾਰੇ ਦੀ।

ਸਿਦਕ ਬੱਝਾ ਤੜਪ ਉਠੀ ਤੇ ਦਰਸ਼ਨ-ਸਿਕ ਹੋਈ ਪੈਦਾ;
ਸਾਗਰ ਵਿਚ ਮਿਲਣ ਲੋਚਾ ਦੀ ਕਾਂਗ ਆਈ ਹੁਲਾਰੇ ਦੀ।

ਵਸੀ ਦਿਲ ਯਾਦ ਆ ਸਾਈਂ ਦੀ ਸਿਮਰਨ ਘਾਲ ਘਾਲਣ ਲਈ;
ਵਧੀ ਇੱਛਾ-ਕਣੀ ਰਸ ਲੈਣ ਲਈ ਅੰਮ੍ਰਿਤ ਫੁਹਾਰੇ ਦੀ।

ਪੁਗਾਣੀ ਆਪ ਹੈ ਉਸ ਨੇ ਇਹ ਉਪਜਾਈ ਹੈ ਜਿਸ ਇੱਛਾ;
ਇਹ ਸਾਗਰ ਵਿਚ ਤਰੰਗ ਹੈ, ਕੀ ਹੈ ਪਾਇਆਂ ਇਸ ਨਿਕਾਰੇ ਦੀ ?

ਵਿਛਿਆ ਰਹੇ ਸਦਾ ਜੇ ਦਿਲ ਇਹ ਸਾਈਂ ਦੀ ਹਜ਼ੂਰੀ ਵਿਚ।
ਕਦੀ ਤਾਂ ਥਾਂ ਪਵੇਗੀ ਘਾਲ ਕੀਤੀ ਇਸ ਵਿਚਾਰੇ ਦੀ।

ਇਹ ਲਿਲ ਚੰਗੀ ਹੈ ਲਗੀ ਰਹੇ ਤੇ ਖਿੜਿਆ ਰਹੇ ਕਮਲ ਇਹ ਸਦ;
ਇਹ ਪ੍ਰੀਤੀ ਤੋੜ ਨਿਭ ਜਾਏ 'ਮਿੱਤਰ' ਸਾਈਂ ਸੰਵਾਰੇ ਦੀ।



www.AKJ.Org

# ਸਿੰਘ ਸੂਰਿਆ ਗੁਰੂ ਕਾ ਸਿੰਘ ਬਣ ਕੇ ਕਲਗੀਧਰ ਦੇ ਬਚਨਾਂ ਤੋਂ ਹਾਰ ਨਾ ਤੂੰ

(ਭਾਈ ਜਗਜੀਤ ਸਿੰਘ ਜੀ ਪਿੰਡ ਰੋਡੇ ਜ਼ਿਲਾ ਲੁਧਿਆਣਾ)

ਦੇਸ਼ ਕੌਮ ਦੀ ਖ਼ਾਤਰ ਮਰ ਮਿਟ ਜਾਣਾ, ਦੁਖੀ ਗਰੀਬ ਉਤੇ ਕਰੀਂ ਵਾਰ ਨਾ ਤੂੰ।
ਧੋਖੇਬਾਜ਼ਾਂ ਤੋਂ ਸਦਾ ਹੁਸ਼ਿਆਰ ਰਹਿਣਾ, ਕਰਨਾ ਉਨ੍ਹਾਂ ਦੇ ਉਤੇ ਇਤਬਾਰ ਨਾ ਤੂੰ।
ਉਚੀ ਧੌਣ ਕਰ ਕੇ ਜਿਹੜਾ ਅੜੇ ਅਗੇ, ਸਾਫ਼ ਕਰਨਾ ਉਹਨੂੰ ਤਲਵਾਰ ਨਾ' ਤੂੰ। (ਨਾਲ)
ਸ਼ਰਨ ਆਏ ਨੂੰ ਬਖਸ਼ਣਾ ਰੀਤ ਸਾਡੀ, ਉਹਨੂੰ ਪੂਛਣਾ ਡਾਢੇ ਪਿਆਰ ਨਾ' ਤੂੰ।
ਸਿੰਘਾ ਸੂਰਿਆ ਗੁਰੂ ਕਾ ਸਿੰਘ ਬਣ ਕੇ, ਕਲਗੀਧਰ ਦੇ ਬਚਨਾਂ ਤੋਂ ਹਾਰ ਨਾ ਤੂੰ।

ਫੁਟ ਪਾਵੇ ਜੋ ਤੇਰੀ ਜਮਾਤ ਅੰਦਰ, ਉਸ ਜ਼ਾਲਿਮ ਨੂੰ ਚਕਨਾ ਚੂਰ ਕਰ ਦੇਹ।
ਊਚ ਨੀਚ ਤੇ ਜਾਤਾਂ ਦੇ ਭੇਦ ਤਾਈਂ, ਸਿੰਘਾ ਸੂਰਿਆ ਮਨਾਂ ਤੋਂ ਦੂਰ ਕਰ ਦੇਹ।
ਦਸੇ ਹੋਏ ਆਦਰਸ਼ ਬਾਜਾਂ ਵਾਲੜੇ ਦੇ, ਰੋਸ਼ਨ ਸ਼ਮ੍ਹਾ ਦੇ ਵਾਂਗ ਨੂਰੋ ਨੂਰ ਕਰ ਦੇਹ।
ਅਜੇ ਵਕਤ ਹੈ ਸੰਭਲ ਸੰਭਾਲ ਮੌਕਾ, ਘਰ ਸਾਂਭ ਆਪਣਾ, ਉਚੀ ਵਿਚਾਰ ਨਾ' ਤੂੰ।
ਸਿੰਘਾ ਸੂਰਿਆ ਗੁਰੂ ਕਾ ਸਿੰਘ ਬਣ ਕੇ, ਕਲਗੀਧਰ ਦੇ ਬਚਨਾਂ ਤੋਂ ਹਾਰ ਨਾ ਤੂੰ।

ਦੋਖੀ ਸੜਦੇ ਨੇ ਦੇਖ ਕੁਰਬਾਨੀ ਤੇਰੀ, ਉਚਾ ਦੇਖਦੇ ਜਦੋਂ ਆਵਾਸ ਤੇਰਾ।
ਤਨ ਮਨ ਨਿੰਦਕਾਂ ਦਾ ਪਿਆ ਸੜੇ ਬਲਦਾ, ਸੋਹਣਾ ਦੇਖਦੇ ਜਦੋਂ ਲਿਬਾਸ ਤੇਰਾ।
ਅਠੇ ਪਹਿਰ ਉਹ ਇਹੋ ਹੀ ਸੋਚਦੇ ਨੇ, ਕਿਵੇਂ ਫੁਟ ਪਾ ਕੇ ਕਰਨ ਨਾਸ ਤੇਰਾ।
ਰਹਿਣਾ ਉਨ੍ਹਾਂ ਤੋਂ ਚੁਸਤ ਚਲਾਕ ਬਣ ਕੇ, ਸਦਾ ਆਪਣੀ ਅਕਲ ਵਿਚਾਰ ਨਾ' ਤੂੰ।
ਸਿੰਘਾ ਸੂਰਿਆ ਗੁਰੂ ਕਾ ਸਿੰਘ ਬਣ ਕੇ, ਕਲਗੀਧਰ ਦੇ ਬਚਨਾਂ ਤੋਂ ਹਾਰ ਨਾ ਤੂੰ।

ਇਕੋ ਪੰਥ ਸਾਡਾ ਅਤੇ ਗੁਰੂ ਗ੍ਰੰਥ ਸਾਡਾ, ਗੁਰੂ ਗ੍ਰੰਥ ਬਿਨਾਂ ਹੋਰ ਨ ਗੁਰੂ ਕੋਈ।
ਸਦਾ ਗੁਰੂ ਦੀ ਆਗਿਆ ਵਿਚ ਰਹਿਣਾ, ਧੰਦਾ ਹੋਰ ਨਹੀਂ ਕਰਨਾ ਸ਼ੁਰੂ ਕੋਈ।
ਆਪੇ 'ਮਾਨ' ਜਹਾਨ ਵਿਚ ਮਿਲੂ ਉਹਨੂੰ, ਜਿਹੜਾ ਆਪਣੀ ਮੰਜ਼ਲ ਵਲ ਟੁਰੂ ਕੋਈ।
ਜਿਥੇ ਦੇਖੇਂ ਗੁਰੂ ਕਾ ਸਿਖ ਆਉਂਦਾ, ਫਤਹ ਬੋਲਣੀ ਉਹਨੂੰ ਪਿਆਰ ਨਾ' ਤੂੰ।
ਸਿੰਘਾ ਸੂਰਿਆ ਗੁਰੂ ਕਾ ਸਿੰਘ ਬਣ ਕੇ, ਕਲਗੀਧਰ ਦੇ ਬਚਨਾਂ ਤੋਂ ਹਾਰ ਨਾ ਤੂੰ।

---


## ਭਾ: ਸਾਹਿਬ ਭਾ: ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਸੰਤ ਪਦ ਨਿਰਣਯ | ੬-੫੦ | ਰੰਗਲੇ ਸਜਣ ੭-੦੦ ਅਣਡਿਠੀ ਦੁਨੀਆ | ੧੦-੦੦ |
| ਗੁਰਮਤਿ ਬਿਬੇਕ ੭-੫੦ ਲੂ ਚਿਠੀਆਂ | ੧੫-੦੦ | ਸਚਖੰਡ ਦਰਸ਼ਨ ੧-੭੫ ਦਰਸ਼ਨ ਝਲਕਾਂ | ੫-੦੦ |
| ਗੁਰਮਤਿ ਨਾਮ ਅਭਿਆਸ ਕਮਾਈ | ੬-੫੦ | ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੬-੦੦ |
| ਅਨਹਦ ਸ਼ਬਦ ਦਸਮ ਦੁਆਰ | ੬-੦੦ | ਵਾਹਿਗੁਰੂ ਸਿਮਰਨ | ੦-੫੦ |
| ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁਤਪ੍ਰਸਤੀ ਹੈ? | ੩-੭੫ | ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੨੫ |
| ਗੁਰਮਤਿ ਸੰਬੰਧੀ ਸ਼ੰਕਿਆਂ ਦੇ ਉਤਰ | ੦-੯੦ | ਉਮਰ ਕੈਦੀ ਦਾ ਸੁਪਨਾ | ੦-੭੫ |
| ਆਸਤਕ ਤੇ ਨਾਸਤਕ | ੦-੩੫ | ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ | ੦-੬੦ |
| ਤਿਮਰ ਅਗਿਆਨ ਤੋਂ ਉਜਿਆਰਾ | ੦-੩੦ | ਸਿੱਖੀ ਸਿਦਕ ਤੇ ਧਰਮ ਰੱਖਿਆ | ੦-੬੦ |
| ਸਿੰਘਾਂ ਦਾ ਪੰਥ ਨਿਰਾਲਾ | ੧-੦੦ | ਬਾਬਾ ਵੈਦ ਰੋਗੀਆਂ ਦਾ | ੦-੬੦ |
| ਅੰਮ੍ਰਿਤ ਕਲਾ | ੧-੦੦ | ਸੱਚੀਆਂ ਦਾੜ੍ਹੀਆਂ ੦-੪੦ ਸਿਖ ਕੌਣ ਹੈ ? | ੦-੪੦ |
| ਵਿਰਲਾ ਗੁਰਮਤਿ ਚਲੈ ਜੀਉ | ੦-੫੦ | ਨਿਰਬਾਣ ਕੀਰਤਨੀ ਜਥੇ ਦੇ ਸਿੰਘਾਂ ਦੀ ਦਾਸਤਾਨ | ੦-੮੦ |




www.AKJ.Org

# ਬਾਹਰਲੇ ਸਿੱਖ ਪ੍ਰੇਸ਼ਾਨ–ਧਮਕੀਆਂ ਭਰੀਆਂ ਚਿੱਠੀਆਂ

ਸ: ਮਨਜੀਤ ਸਿੰਘ

ਅੰਮ੍ਰਿਤਸਰ, ੧੭ ਜੁਲਾਈ–ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਪੰਜਾਬ ਤੋਂ ਬਾਹਰ ਦੇ ਰਾਜਾਂ ਵਿਚ ਵਸਦੇ ਸਿੱਖਾਂ ਦੀਆਂ ਮੁਸ਼ਕਿਲਾਂ ਦਾ ਜਾਇਜ਼ਾ ਲੈਣ ਲਈ ਛੇਤੀ ਵਖ ਵਖ ਥਾਵਾਂ ਤੇ ਸਿੱਖ ਪ੍ਰਤੀਨਿਧ ਮੰਡਲ ਭੇਜੇ ਜਾਣਗੇ। ਸ਼ਰੋਮਣੀ ਕਮੇਟੀ ਨੂੰ ਅਜਿਹੀਆਂ ਖਬਰਾਂ ਮਿਲੀਆਂ ਹਨ ਕਿ ਪੰਜਾਬ ਤੋਂ ਬਾਹਰ ਵਸਦੇ ਸਿੱਖ ਬਹੁਤ ਦੁਖੀ ਹਨ ਤੇ ਆਪਣੇ ਆਪ ਨੂੰ ਅਸੁਰੱਖਿਅਤ ਸਮਝ ਰਹੇ ਹਨ। ਹਰਿਆਣਾ, ਯੂ ਪੀ ਤੇ ਮੱਧ ਪ੍ਰਦੇਸ਼ ਵਿਚ ਵਸਦੇ ਸਿੱਖਾਂ ਨੂੰ ਸਿੱਖ-ਵਿਰੋਧੀ ਸੰਗਠਨ ਬਹੁਤ ਤੰਗ ਕਰ ਰਹੇ ਹਨ, ਜਿਨ੍ਹਾਂ ਵਿਚ ਸ਼ਿਵ ਸੈਨਾ, ਹਿੰਦੂ ਸੁਰੱਖਿਆ ਸੰਮਤੀ ਅਤੇ ਬਜਰੰਗ ਬਿਰਗੇਡ ਦੇ ਨਾਮ ਵਰਨਣਯੋਗ ਹਨ। ਇਹ ਸੰਗਠਨ ਉਥੋਂ ਦੇ ਸਿੱਖਾਂ ਨੂੰ ਕਈ ਤਰ੍ਹਾਂ ਦੀਆਂ ਧਮਕੀਆਂ ਦੇ ਰਹੇ ਹਨ। ਇਹਨਾਂ ਧਮਕੀਆਂ ਨੂੰ ਮੁਖ ਰਖ ਕੇ ਹੀ ਸ਼ਰੋਮਣੀ ਕਮੇਟੀ ਨੇ ਵਫ਼ਦ ਭੇਜਣ ਦਾ ਪ੍ਰੋਗਰਾਮ ਬਣਾਇਆ ਹੈ, ਤਾਂ ਕਿ ਉਥੇ ਵਸਦੇ ਸਿੱਖਾਂ ਦੀ ਹਾਲਤ ਦਾ ਪੂਰੀ ਤਰ੍ਹਾਂ ਪਤਾ ਲਗਾ ਸਕੇ ਤੇ ਦੂਸਰਾ ਉਹਨਾਂ ਦੇ ਅੰਦਰ ਸੁਰੱਖਿਆ ਦੀ ਭਾਵਨਾ ਪੈਦਾ ਕੀਤੀ ਜਾ ਸਕੇ। ਉਕਤ ਜਾਣਕਾਰੀ ਸ਼ਰੋਮਣੀ ਕਮੇਟੀ ਦੇ ਸੈਕਟਰੀ ਸ: ਭਾਨ ਸਿੰਘ ਨੇ ਇਕ ਮੁਲਾਕਾਤ ਦੌਰਾਨ ਦਿਤੀ। ਉਹਨਾਂ ਦਸਿਆ ਕਿ ਇਹ ਵਫ਼ਦ ਉਥੋਂ ਆ ਕੇ ਜਿਹੜੀ ਰਿਪੋਰਟ ਦੇਣਗੇ ਉਹ ਫਿਰ ਕੇਂਦਰੀ ਸਰਕਾਰ ਨੂੰ ਪੇਸ਼ ਕੀਤੀ ਜਾਏਗੀ ਤੇ ਫਿਰ ਉਸ ਦੀ ਰੋਸ਼ਨੀ ਵਿਚ ਸਰਕਾਰ ਕੋਲ ਉਹਨਾਂ ਦੀ ਸੁਰੱਖਿਆ ਦੇ ਪ੍ਰਬੰਧ ਠੀਕ ਢੰਗ ਨਾਲ ਕਰਨ ਦੀ ਮੰਗ ਕੀਤੀ ਜਾਏਗੀ।

**ਪੰਜਾਬ ਨੂੰ ਹਿਜਰਤ–**

ਉਹਨਾਂ ਦਸਿਆ ਕਿ ਉਕਤ ਫਿਰਕੂ ਸੰਗਠਨਾਂ ਦੀਆਂ ਭੜਕਾਊ ਕਾਰਵਾਈਆਂ ਕਰਕੇ ਸਿੱਖ ਬਹੁਤ ਡਰ ਗਏ ਹਨ ਤੇ ਉਹਨਾਂ ਨੇ ਪੰਜਾਬ ਵਲ ਨੂੰ ਮੁੜ ਹਿਜਰਤ ਕਰਨੀ ਸ਼ੁਰੂ ਕਰ ਦਿਤੀ ਹੈ। ਪੰਜਾਬ ਆਉਣ ਵਾਲੇ ਸਿੱਖਾਂ ਨੇ ਲਿਖਤੀ ਅਤੇ ਜ਼ਬਾਨੀ ਦੋਵੇਂ ਤਰ੍ਹਾਂ ਉਕਤ ਸੰਗਠਨਾਂ ਦੀਆਂ ਕਾਰਵਾਈਆਂ ਤੋਂ ਸ਼ਰੋਮਣੀ ਕਮੇਟੀ ਨੂੰ ਜਾਣੂ ਕਰਾਇਆ ਹੈ।

**ਸਿੱਖਾਂ ਤੇ ਖਾਸ ਨਜ਼ਰ–**

ਇਹ ਹਿੰਦੂ ਸੰਗਠਨ ਸਿੱਖ ਪਰਿਵਾਰਾਂ ਉਪਰ ਅੱਜ ਕਲ੍ਹ ਖਾਸ ਨਜ਼ਰ ਰਖ ਰਹੇ ਹਨ। ਜਿਥੇ ਇਹਨਾਂ ਨੂੰ ਘਰ ਘਰ ਚਿੱਠੀਆਂ ਪਾ ਕੇ ਪਰੇਸ਼ਾਨ ਕੀਤਾ ਜਾ ਰਿਹਾ ਹੈ, ਉਥੇ ਹਿੰਦੂਆਂ ਨੂੰ ਇਹ ਕਿਹਾ ਜਾ ਰਿਹਾ ਹੈ ਕਿ ਉਹ ਸਿੱਖਾਂ ਨੂੰ ਕਿਰਾਏਦਾਰ ਨਾ ਰਖਣ। ਮਕਾਨਾਂ ਤੇ ਦੁਕਾਨਾਂ ਵਿਚੋਂ ਇਹਨਾਂ ਨੂੰ ਕਢ ਦਿਤਾ ਜਾਏ।

**ਐਂਟੀ ਸਿੱਖ ਮੀਟਿੰਗਾਂ–**

ਸ਼ਿਵ ਸੈਨਾ, ਬਜਰੰਗ ਬਿਰਗੇਡ ਵਲੋਂ ਤੇ ਹੋਰਨਾਂ ਸੰਗਠਨਾਂ ਵਲੋਂ ਗੁਪਤ ਮੀਟਿੰਗਾਂ ਦਾ ਸਿਲਸਿਲਾ ਵੀ ਜਾਰੀ ਹੈ। ਇਹ ਮੀਟਿੰਗਾਂ ਕਿਧਰੇ ਕਿਧਰੇ ਮੁਹੱਲਿਆਂ ਵਿਚ ਤੇ ਬਹੁਤੀਆਂ ਆਰੀਆ ਸਮਾਜੀ ਮੰਦਰਾਂ ਵਿਚ ਹੁੰਦੀਆਂ ਹਨ। ਹਰਿਆਣਾ ਦੇ ਸ਼ਹਿਰ ਪਾਣੀਪਤ, ਕਰਨਾਲ, ਯਮਨਾ ਨਗਰ ਇਹਨਾਂ ਮੀਟਿੰਗਾਂ ਦੇ ਗੜ੍ਹ ਦਸੇ ਜਾਂਦੇ ਹਨ।

**ਜਾਇਦਾਦਾਂ ਨਾ ਖ਼ਰੀਦੋ–**

ਇਹਨਾਂ ਫਿਰਕੂ ਹਿੰਦੂ ਸੰਗਠਨਾਂ ਦੀ ਕੋਸ਼ਿਸ਼ ਇਹ ਹੈ ਕਿ ਜਿਵੇਂ ਵੀ ਹੋਵੇ, ਸਿੱਖਾਂ ਨੂੰ ਤੰਗ ਕਰਕੇ ਇਥੋਂ ਨਿਕਲਣ ਤੇ ਮਜਬੂਰ ਕਰ ਦਿਤਾ ਜਾਏ। ਉਹਨਾਂ ਵਲੋਂ ਜੋ ਮੀਟਿੰਗਾਂ ਕੀਤੀਆਂ ਜਾਂਦੀਆਂ ਹਨ ਉਹਨਾਂ ਵਿਚ ਵਿਸ਼ੇਸ਼ ਕਿਸਮ ਦੇ ਫ਼ਾਰਮ ਭਰਵਾਏ ਜਾਂਦੇ ਹਨ, ਤੇ ਨਾਲ ਹੀ ਪ੍ਰਣ ਕਰਵਾਏ ਜਾਂਦੇ ਹਨ ਕਿ ਕਿਸੇ ਸਿੱਖ ਦੀ ਨਾ ਜਾਇਦਾਦ ਖਰੀਦੀ ਜਾਏ ਤੇ ਜੇ ਕੋਈ ਵੇਚਣਾ ਚਾਹੇ ਤਾਂ ਉਸ ਨੂੰ ਵੇਚਣ ਵੀ ਨਾ ਦਿਤੀ ਜਾਏ। ਸਿੱਖਾਂ ਦੀਆਂ ਧਾਰਮਿਕ ਸੰਸਥਾਵਾਂ ਵਿਚ ਕਿਸੇ ਹਿੰਦੂ ਦੇ ਬੱਚੇ ਨੂੰ ਪੜ੍ਹਨ ਲਈ ਨਾ ਭੇਜਿਆ ਜਾਏ ਅਤੇ ਨਾ ਹੀ ਹਿੰਦੂਆਂ ਦੀਆਂ ਸੰਸਥਾਵਾਂ ਵਿਚ ਹੀ ਸਿੱਖ ਬੱਚਿਆਂ ਨੂੰ ਦਾਖਲ ਕੀਤਾ ਜਾਏ। ਇਹ ਫ਼ਾਰਮ ਗੁਪਤ ਤੌਰ ਤੇ ਭਰਵਾਏ ਜਾਂਦੇ ਹਨ। ਅਜਿਹੇ ਫ਼ਾਰਮ ਭਰਵਾਉਣ ਦੀਆਂ ਖਬਰਾਂ ਹਰਿਆਣਾ ਤੋਂ ਇਲਾਵਾ ਯੂ ਪੀ ਦੇ ਲਖਨਊ, ਕਾਨਪੁਰ ਜ਼ਿਲਿਆਂ ਵਿਚ ਵੀ ਮਿਲ ਰਹੀਆਂ ਹਨ।



www.AKJ.Org

**ਹਥਿਆਰਾਂ ਲਈ ਮਦਦ—**

ਇਹ ਸ਼ਿਕਾਇਤ ਆਮ ਤੌਰ ਤੇ ਕੀਤੀ ਜਾਂਦੀ ਹੈ ਕਿ ਇਹਨਾਂ ਸੰਗਠਨਾਂ ਦੀ ਅਗਵਾਈ ਸਥਾਨਕ ਰਾਜਸੀ ਆਗੂ ਸਿਧੇ ਜਾਂ ਅਸਿੱਧੇ ਤੌਰ ਤੇ ਕਰ ਰਹੇ ਹਨ। ਇਹਨਾਂ ਸੰਗਠਨਾਂ ਨੂੰ ਹਥਿਆਰ ਆਦਿ ਖਰੀਦਣ ਲਈ ਮਾਲੀ ਮਦਦ ਵੀ ਦਿਤੀ ਜਾਂਦੀ ਹੈ।

**ਛੁਰੇਬਾਜ਼ੀ ਦੀ ਸਿਖਲਾਈ—**

ਆਰ ਐਸ ਐਸ ਦੀਆਂ ਸਵੇਰੇ ਜੋ ਸ਼ਾਖਾਵਾਂ ਲਗਦੀਆਂ ਹਨ, ਪਤਾ ਲਗਾ ਹੈ ਕਿ ਉਹਨਾਂ ਵਿਚ ਖੁਲ੍ਹੇਆਮ ਛੁਰੇ ਚਲਾਉਣ, ਹਮਲੇ ਕਰਨ ਤੇ ਬਚਾਓ ਕਰਨ ਦੀ ਟਰੇਨਿੰਗ ਦਿਤੀ ਜਾਂਦੀ ਹੈ। ਭੜਕਾਊ ਭਾਸ਼ਨ ਕਰਕੇ ਉਹਨਾਂ ਦੇ ਜਜ਼ਬਾਤ ਭੜਕਾਏ ਜਾਂਦੇ ਹਨ ਤੇ ਸਿੱਖਾਂ ਵਿਰੁਧ ਧੂੰਆਂਧਾਰ ਪ੍ਰਚਾਰ ਵੀ ਕੀਤਾ ਜਾਂਦਾ ਹੈ। ਭਾਰੀ ਗਿਣਤੀ ਵਿਚ ਨੌਜੁਆਨਾਂ ਨੂੰ ਪਰੇਰ ਕੇ ਇਹਨਾਂ ਸ਼ਾਖਾਵਾਂ ਵਿਚ ਸਵੇਰੇ ਲਿਆਂਦਾ ਜਾਂਦਾ ਹੈ।

ਯੂ ਪੀ ਦੇ ਜਿਹਨਾਂ ਸ਼ਹਿਰਾਂ ਵਿਚ ੧੯੮੪ ਦੇ ਦੰਗਿਆਂ ਦੌਰਾਨ ਸਿੱਖਾਂ ਦਾ ਨੁਕਸਾਨ ਹੋਇਆ ਸੀ, ਉਹਨਾਂ ਸ਼ਹਿਰਾਂ ਵਿਚ ਵਸਦੇ ਸਿੱਖਾਂ ਦਾ ਨੁਕਸਾਨ ਹੁਣ ਵੀ ਜਾਰੀ ਹੈ। ਦਸਦੇ ਹਨ ਕਿ ਸਿੱਖਾਂ ਦੇ ਘਰਾਂ ਵਿਚ ਡਾਕਿਆਂ ਤੇ ਚੋਰੀਆਂ ਦੀਆਂ ਵਾਰਦਾਤਾਂ ਵਧ ਗਈਆਂ ਹਨ। ਸਿੱਖਾਂ ਨੂੰ ਆਮ ਸ਼ਿਕਾਇਤ ਹੈ ਕਿ ਜਿਨ੍ਹਾਂ ਦਾ ਨੁਕਸਾਨ ਹੁੰਦਾ ਹੈ ਉਹਨਾਂ ਦੀ ਪੁਲਸ ਰਿਪੋਰਟ ਤਕ ਨਹੀਂ ਲਿਖਦੀ, ਮਾਲ ਲਭਣਾ ਜਾਂ ਦੋਸ਼ੀ ਫੜਨਾ ਤੇ ਬਹੁਤ ਦੂਰ ਦੀ ਗੱਲ ਹੈ। ਜੇ ਕਿਧਰੇ ਕੋਈ ਰਿਪੋਰਟ ਲਿਖਦਾ ਹੈ ਤਾਂ ਫਿਰ ਉਸ ਤੇ ਅਮਲ ਨਹੀਂ ਹੁੰਦਾ।

**ਬਜਰੰਗ ਬਿਰਗੇਡ—**

ਯੂ ਪੀ ਵਿਚ ਬਜਰੰਗ ਬਿਰਗੇਡ ਤੇ ਸ਼ਿਵ ਸੈਨਾ ਨੇ ਅੱਜ ਕਲ੍ਹ ਊਧਮ ਮਚਾ ਰਖਿਆ ਹੈ। ਇਨ੍ਹਾਂ ਵਲੋਂ ਨਵੇਂ ਸਿਰਿਉਂ ਸਿੱਖਾਂ ਵਿਰੁਧ ਇਕ ਸੋਚੀ ਸਮਝੀ ਸਾਜ਼ਿਸ਼ ਅਧੀਨ ਪ੍ਰਚਾਰ ਨੂੰ ਅਰੰਭ ਕਰ ਦਿਤਾ ਗਿਆ ਹੈ। ਸਿੱਖਾਂ ਦੇ ਘਰਾਂ ਵਿਚ ਧਮਕੀ ਵਾਲੀਆਂ ਚਿੱਠੀਆਂ ਪਾਈਆਂ ਜਾ ਰਹੀਆਂ ਹਨ। ਹਿੰਦੂਆਂ ਨੂੰ ਸਿੱਖਾਂ ਦਾ ਖਾਤਮਾ ਕਰਨ ਲਈ ਉਕਸਾ-ਇਆ ਜਾ ਰਿਹਾ ਹੈ। ਥਾਂ ਥਾਂ ਪੋਸਟਰ ਲਾਏ ਜਾ ਰਹੇ ਹਨ। ਇਹਨਾਂ ਪੋਸਟਰਾਂ ਵਿਚ ਸਿੱਖਾਂ ਪ੍ਰਤੀ ਬਹੁਤ ਹੀ ਮਾੜੀ ਸ਼ਬਦਾਵਲੀ ਦੀ ਵਰਤੋਂ ਕੀਤੀ ਗਈ ਹੈ। ਹਿੰਦੂਆਂ ਨੂੰ ਇਹ ਕਿਹਾ ਜਾ ਰਿਹਾ ਹੈ, ਜੇ ਸਿੱਖਾਂ ਦਾ ੩੧ ਅਕਤੂਬਰ ੧੯੮੬ ਤਕ ਸਫਾਇਆ ਨਾ ਕੀਤਾ ਗਿਆ ਤਾਂ ਉਹ ਹਿੰਦੂਆਂ ਨੂੰ ਖਤਮ ਕਰ ਦੇਣਗੇ। ਸਿੱਖਾਂ ਦਾ ਸਰਬਨਾਸ਼ ਕਰਨ ਲਈ ਹਿੰਦੂਆਂ ਨੂੰ ਭੜਕਾਇਆ ਤੇ ਉਕਸਾਇਆ ਜਾ ਰਿਹਾ ਹੈ। ਇਨ੍ਹਾਂ ਇਸ਼ਤਿਹਾਰੀ ਧਮਕੀਆਂ ਕਰਕੇ ਸਿੱਖ ਬਹੁਤ ਡਰੇ ਹੋਏ ਹਨ ਤੇ ਆਪਣੇ ਆਪ ਨੂੰ ਅਸੁਰੱਖਿਅਤ ਸਮਝ ਰਹੇ ਹਨ। ਇਹ ਧਮਕੀ ਭਰੀਆਂ ਚਿੱਠੀਆਂ ਤੇ ਇਸ਼ਤਿਹਾਰ ਡਾਕ ਦੁਆਰਾ ਸਿੱਖਾਂ ਦੇ ਘਰਾਂ ਵਿਚ ਭੇਜੇ ਜਾ ਰਹੇ ਹਨ। ਬਜਰੰਗ ਬਿਰਗੇਡ ਵਲੋਂ ਜੋ ਭੜਕਾਊ ਇਸ਼ਤਿਹਾਰ ਕਢਿਆ ਗਿਆ ਹੈ ਉਸ ਦੀ ਸ਼ਬਦਾਵਲੀ ਇਸ ਪ੍ਰਕਾਰ ਹੈ—

"ਬਜਰੰਗ ਬਿਰਗੇਡ ਹਿੰਦੂ ਏਕਤਾ ਦਾ ਪ੍ਰਤੀਕ। ਹਿੰਦੂ ਏਕਤਾ ਅਮਰ ਰਹੇ। ਸਾਥੀਓ, ਇਸ ਹਿੰਦੁਸਤਾਨ ਦੀ ਧਰਤੀ ਤੇ ਬੁੱਧੀ ਅਤੇ ਬਿਬੇਕ ਤੋਂ ਰਹਿਤ ਸਿੱਖ ਰੰਗਰਲੀਆਂ ਮਨਾ ਰਹੇ ਹਨ ਅਤੇ ਜੋਬਨ ਦਾ ਅਸਲੀ ਸੁਆਦ ਵੀ ਲੈ ਰਹੇ ਹਨ, ਜਿਸ ਨਾਲ ਇਹਨਾਂ ਦਾ ਦਿਮਾਗ ਸਤਵੇਂ ਅਸਮਾਨ ਤੇ ਚਲਾ ਗਿਆ ਹੈ। ਇਹ ਦੁਸ਼ਟ ਸਰਦਾਰ ਲੋਕਾਂ ਨੇ ਬੱਸਾਂ, ਟਰੇਨਾਂ ਅਤੇ ਹਵਾਈ ਜਹਾਜ਼ਾਂ ਤੇ ਹਿੰਦੁਸਤਾਨ ਵਿਚ ਹਿੰਦੂਆਂ ਦਾ ਚਲਣਾ ਫਿਰਨਾ ਔਖਾ ਕਰ ਦਿਤਾ ਹੈ। ਮੁੱਠੀ ਭਰ ਸਰਦਾਰਾਂ ਨੇ ਸਾਰੇ ਹਿੰਦੁਸਤਾਨ ਨੂੰ ਤਬਾਹ ਕੀਤਾ ਹੋਇਆ ਹੈ। ਜੇ ਸਮਾਂ ਰਹਿੰਦਿਆਂ ਅਸੀਂ ਲੋਕ ਨਾ ਚੇਤੇ ਅਤੇ ਇਨ੍ਹਾਂ ਸਰਦਾਰਾਂ ਦਾ ਸਫ਼ਾਇਆ ਨਹੀਂ ਕਰ ਦਿੰਦੇ ਅਤੇ ਇਸੇ ਤਰ੍ਹਾਂ ਗਿਆਨੀ ਜ਼ੈਲ ਸਿੰਘ ਅਤੇ ਸਰਦਾਰ ਬੂਟਾ ਸਿੰਘ ਨੂੰ ਆਪਣੇ ਦੇਸ਼ ਦੀ ਕੁਰਸੀ ਤੇ ਬਿਠਾਈ ਰਖਿਆ ਤਾਂ ਇਹ ਰਾਕਸ਼ਸ ਹਿੰਦੁਸਤਾਨ ਵਿਚੋਂ ਹਿੰਦੂਆਂ ਦਾ ਨਾਂ ਮਿਟਾ ਦੇਣਗੇ। ਇਸ ਲਈ ਅਸੀਂ ਹਿੰਦੂਆਂ ਨੇ ਹਿੰਦੁਸਤਾਨ ਦੀ ਹੋਂਦ ਬਣਾਈ ਰੱਖਣ ਲਈ 'ਬਜਰੰਗ ਬ੍ਰਿਗੇਡ' ਨੂੰ ਕਾਇਮ ਕੀਤਾ ਹੈ। ਸਾਡੀ ਮੁਹਿੰਮ ੩੧ ਅਕਤੂਬਰ ੧੯੮੬ ਤੋਂ ਸ਼ੁਰੂ ਹੋਵੇਗੀ। ਹਿੰਦੂ ਭਰਾਵਾਂ ਨੂੰ ਪਿਆਰ ਸਹਿਤ ਬੇਨਤੀ ਹੈ ਕਿ ਤਨ-ਮਨ ਧਨ ਨਾਲ



www.AKJ.Org

ਸਾਡੀ ਮੁਹਿੰਮ ਨੂੰ ਮਿਲਵਰਤਣ ਦਿਤਾ ਜਾਵੇ ਅਤੇ ਇਸ ਵਿਚ ਹਿਸਾ ਵੀ ਲਿਆ ਜਾਵੇ। ਸਾਡੀ ਪਿਆਰੀ ਨੇਤਾ ਦੀ ਦੂਸਰੀ ਬਰਸੀ ਆਉਣ ਤੋਂ ਪਹਿਲਾਂ ਅਸੀਂ ਵੇਖਣਾ ਹੈ ਕਿ ਭਾਰਤ ਮਾਤਾ ਦੀ ਪਵਿੱਤਰ ਧਰਤੀ ਤੇ ਸਰਦਾਰਾਂ ਵਰਗੀ ਦੁਸ਼ਟ ਕੌਮ ਦਾ ਇਕ ਵੀ ਵਿਅਕਤੀ ਨਾ ਦਿਸੇ। ਇਹਨਾਂ ਦਾ ਕਤਲੇ ਆਮ ਕਰਕੇ ਇਹਨਾਂ ਦੀਆਂ ਲਾਸ਼ਾਂ ਭਾਰਤ ਮਾਤਾ ਦੀ ਗੋਦ ਵਿਚ ਛੁਪਾ ਦੇਣੀਆਂ ਹਨ। ਇਸ ਪਵਿੱਤਰ ਯੱਗ ਵਿਚ ਤੁਸੀਂ ਜਨ, ਧਨ, ਹਥਿਆਰਾਂ ਦਾ ਦਾਨ ਦਿਓ। ਇਹ ਪਵਿੱਤਰ ਕਾਜ ਅਸੀਂ ਉਤਰ ਪ੍ਰਦੇਸ਼ ਦੀ ਰਾਜਧਾਨੀ ਲਖਨਊ ਤੋਂ ਸ਼ੁਰੂ ਕਰਨਾ ਹੈ। ਇਸ ਲਈ ਆਉ ਅਸੀਂ ਸਿਖਾਂ ਦਾ ਸਰਬਨਾਸ਼ ਕਰਕੇ ਸਰਦਾਰਾਂ ਨੂੰ ਮੁਢੋਂ ਖਤਮ ਕਰਨ ਦੇ ਸ਼ੁਭ ਕਾਰਜ ਵਿਚ ਛੇਤੀ ਹੀ ਲਗ ਜਾਈਏ। ਇਸਦੇ ਤਮਾਮ ਫਾਇਦੇ ਹੋਣਗੇ। ਬੁਧੀ ਤੇ ਬਿਬੇਕ ਤੋਂ ਦੂਰ ਰਹਿਣ ਵਾਲੇ ਸਰਦਾਰਾਂ ਦੀ ਜਾਤ ਵਰਗੇ ਜਾਨਵਰਾਂ ਦੇ ਬੋਝ ਤੋਂ ਭਾਰਤ ਮਾਤਾ ਨੂੰ ਰਾਹਤ ਮਿਲੇਗੀ ਅਤੇ ਇਹਨਾਂ ਜਾਨਵਰਾਂ ਨੇ ਆਪਣੀ ਰਾਜਸੀ ਸ਼ਕਤੀ ਦੇ ਬਲ ਨਾਲ ਜਿਹੜੀ ਜਾਇਦਾਦ ਇਕੱਠੀ ਕੀਤੀ ਹੈ ਉਸ ਨੂੰ ਹਿੰਦੂ ਭਰਾਵਾਂ ਨੂੰ ਵਰਤੋਂ ਵਿਚ ਲਿਆਉਣ ਦਾ ਸ਼ੁਭ ਸਮਾਂ ਹਾਸਲ ਹੋਵੇਗਾ। ਸਾਡੀ ਦ੍ਰਿੜ੍ਹ ਪ੍ਰਤਗਿਆ ਹੈ ਕਿ ਅਸੀਂ ਆਪਣੇ ਇਸ ਟੀਚੇ ਨੂੰ ਛੇਤੀ ਹੀ ਪੂਰਾ ਕਰਾਂਗੇ। ਸਰਦਾਰ ਰੂਪੀ ਸੱਪਾਂ ਦੀ ਕੌਮ ਜੋ ਇਸ ਧਰਤੀ ਤੇ ਮੌਜੂਦ ਹੈ, ਉਸ ਦਾ ਇਕ ਬੱਚਾ ਵੀ ਇਸ ਯੱਗ ਦੀ ਅਹੂਤੀ ਬਣਨ ਤੋਂ ਨਹੀਂ ਬਚ ਸਕੇਗਾ। ਹੁਣ ਇਨ੍ਹਾਂ ਸਰਦਾਰਾਂ ਨੂੰ ਦੁਨੀਆ ਵਿਚ ਕੋਈ ਨਹੀਂ ਬਚਾਅ ਸਕੇਗਾ। 'ਜੈ ਬਜਰੰਗ ਬਲੀ'। ਅਸੀਂ ਹਾਂ ਤੁਹਾਡੇ ਆਪਣੇ ਬਜਰੰਗ ਬ੍ਰਿਗੇਡ, ਲਖਨਊ ਸ਼ਾਖਾ, ਉਤਰ ਪ੍ਰਦੇਸ।"

ਸ: ਭਾਨ ਸਿੰਘ ਨੇ ਉਕਤ ਇਸ਼ਤਿਹਾਰ ਦਾ ਜ਼ਿਕਰ ਕਰਦਿਆਂ ਕਿਹਾ ਕਿ ਇਹ ਖੁਲ੍ਹੇ ਆਮ ਲਾਏ ਗਏ ਹਨ ਤੇ ਚਿੱਠੀਆਂ ਵਿਚ ਧਮਕੀਆਂ ਵੀ ਆਮ ਦਿਤੀਆਂ ਜਾ ਰਹੀਆਂ ਹਨ, ਪਰ ਉਥੋਂ ਦੇ ਸਥਾਨਕ ਰਾਜਸੀ ਆਗੂ ਤੇ ਪਾਰਟੀਆਂ ਇਸ ਬਾਰੇ ਪੂਰੀ ਤਰ੍ਹਾਂ ਖਾਮੋਸ਼ ਹਨ। ਉਹਨਾਂ ਦੁਖ ਪ੍ਰਗਟਾਇਆ ਕਿ ਇਹ ਕਾਰਵਾਈਆਂ ਦੇਸ਼-ਵਿਰੋਧੀ ਹਨ ਤੇ ਫਿਰਕੂ ਗੜਬੜ ਕਰਨ ਵਾਲੀਆਂ ਹਨ, ਪਰ ਉਥੋਂ ਦੀਆਂ ਸਰਕਾਰਾਂ ਨੇ ਇਸ ਸਿਲਸਿਲੇ ਵਿਚ ਨਾ ਕੋਈ ਕੇਸ ਦਰਜ ਕੀਤਾ ਹੈ, ਨਾ ਕੋਈ ਐਕਸ਼ਨ ਹੀ ਕਿਸੇ ਵਿਰੁਧ ਲਿਆ ਹੈ ਤੇ ਨਾ ਹੀ ਅਜਿਹੇ ਪਰਚਾਰ ਤੇ ਪਾਬੰਦੀ ਲਾਈ ਜਾ ਰਹੀ ਹੈ। ਉਹਨਾਂ ਤਾੜਨਾ ਕੀਤੀ ਕਿ ਜੇਕਰ ਐਂਟੀ ਸਿਖ ਪ੍ਰਚਾਰ ਨੂੰ ਰੋਕਿਆ ਨਾ ਗਿਆ ਤਾਂ ਇਸਦੇ ਸਿਟੇ ਭਿਆਨਕ ਨਿਕਲ ਸਕਦੇ ਹਨ। ਉਧਰ ਚੀਫ ਖਾਲਸਾ ਦੀਵਾਨ ਨੇ ਵੀ ਬਾਹਰਲੇ ਸਿੱਖਾਂ ਦੀ ਸੁਰੱਖਿਆ ਦੀ ਮੰਗ ਕੀਤੀ ਹੈ। ਪਿਛਲੇ ਦਿਨੀਂ ਪੰਜਾਬ ਦੇ ਰਾਜਪਾਲ ਨੂੰ ਇਕ ਮੈਮੋਰੰਡਮ ਵੀ ਇਸ ਸਿਲਸਿਲੇ ਵਿਚ ਦਿਤਾ ਗਿਆ, ਜਿਸ ਵਿਚ ਮੰਗ ਕੀਤੀ ਕਿ ਦੂਜੇ ਰਾਜਾਂ ਤੋਂ ਪੰਜਾਬ ਨੂੰ ਆਉਣ ਵਾਲੇ ਸਿਖਾਂ ਦੀ ਹਿਜਰਤ ਰੋਕਣ ਲਈ ਉਹਨਾਂ ਨੂੰ ਸੁਰੱਖਿਆ ਦੀ ਗਰੰਟੀ ਦਿਤੀ ਜਾਏ, ਜਿਵੇਂ ਪੰਜਾਬ ਸਰਕਾਰ ਹਿੰਦੂਆਂ ਲਈ ਕਰ ਰਹੀ ਹੈ। ਇਸੇ ਤਰ੍ਹਾਂ ਦੂਸਰੇ ਰਾਜਾਂ ਨੂੰ ਉਥੇ ਵਸਦੇ ਸਿਖਾਂ ਦੀ ਰਾਖੀ ਲਈ ਸਭ ਕੁਝ ਕਰਨਾ ਚਾਹੀਦਾ ਹੈ।

—ਅਜੀਤ, ੧੮-੭-੮੬

---

## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

| | | | |
|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ ੭-੦੦, | ੪-੦੦ | ਖਾਲਸਾ ਰਹਿਤ ਕੇਸਕੀ (ਦਸਤਾਰ) | ੧-੦੦ |
| ਭ: ਸਾ: ਰਣਧੀਰ ਸਿੰਘ ਸ਼ਤਾਬਦੀ ਅੰਕ (ਸਚਿਤ੍ਰ) | ੨-੫੦ | ਗੁਰਬਾਣੀ ਦੀ ਪਾਰਸ ਕਲਾ(ਭਾ:ਸਾਹਿਬ ਕ੍ਰਿਤ) | ੦-੮੦ |
| ਰਹਿਤ ਮਰਯਾਦਾ ਅੰਕ | ੨-੦੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੦-੬੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੮੦ | ਕੀ ਕੇਸ ਰਖਣੇ ਜ਼ਰੂਰੀ ਹਨ ,, | ੦-੬੦ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੧-੦੦ | ਗੁਰ ਮੇਰੈ ਸੰਗਿ ਸਦਾ ਹੈ ਨਾਲੇ ,, | ੦-੫੦ |
| HAIR—A Divine Gift | 0-40 | ਗੁਰਮਤਿ ਅਨਹਦ ਸ਼ਬਦ ,, | ੦-੫੦ |
| Dawn of Divine Wisdom | 0-75 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ,, | ੦-੬੦ |

ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਟ੍ਰੈਕਟ ਵਲੋਂ ਭਾਈ ਰਾਮ ਸਿੰਘ ਜੀ ੦-੭੫

ਸਿਖ ਇਕ ਵੱਖਰੀ ਕੌਮ (ਪੁਸਤਕ ਰੂਪ ਵਿਚ, ਜਿਸ ਵਿਚ ੧੩ ਖੋਜ-ਭਰੇ ਲੇਖ ਸ਼ਾਮਲ ਹਨ) ੫-੦੦

ਰਾਗਮਾਲਾ ਬਾਰੇ ਵਿਚਾਰ (ਪੰਥ ਦੇ ਉਘੇ ੬ ਵਿਦਵਾਨਾਂ ਦੇ ਖੋਜ-ਪੂਰਤ ਲੇਖ ੧-੦੦



www.AKJ.Org

# ਬੰਦ ਤੰਬੂ ਵਿਚਲਾ ਗੁਪਤ ਕੌਤਕ

[ਜੇ. ਪੀ. ਸੰਗਤ ਸਿੰਘ ਜੀ]

ਕਲਗੀਧਰ ਪਾਤਿਸ਼ਾਹ ਨੇ ਜੋ ਕੁਝ ਬੰਦ ਤੰਬੂ ਵਿਚ ਕੀਤਾ, ਉਸ ਨੂੰ ਪੰਥ ਤੋਂ ਅਥਵਾ ਸੰਗਤਾਂ ਤੋਂ ਗੁਪੰਤ ਰਖਣਾ ਚਾਹੁੰਦੇ ਸਨ। ਇਸ ਲਈ ਉਸ ਨੂੰ ਪ੍ਰਗਟ ਨਹੀਂ ਕੀਤਾ। ਸਤਿਗੁਰੂ ਦੇ ਵਿਸ਼ਵਾਸੀ ਤੇ ਪੂਰਨ ਸਿਦਕੀ ਸਿਖ ਦਾ ਧਰਮ ਬਣਦਾ ਹੈ ਕਿ ਜੋ ਸਤਿਗੁਰੂ ਵਿਖਾਣਾ ਅਥਵਾ ਪ੍ਰਗਟ ਕਰਨਾ ਨਹੀਂ ਚਾਹੁੰਦੇ, ਉਸ ਨੂੰ ਜਾਣਨ ਦਾ ਜਤਨ ਨਾ ਕਰੇ।

ਜਿਤਨੇ ਇਤਿਹਾਸਾਂ ਵਿਚ ਸੀਸ-ਭੇਟ ਦਿਵਸ ਉਤੇ "ਬਕਰੇ ਵਢੇ" ਲਿਖਿਆ ਮਿਲਦਾ ਹੈ, ਉਨ੍ਹਾਂ ਵਿਚੋਂ ਕਿਸੇ ਇਕ ਦਾ ਲਿਖਾਰੀ ਵੀ ਉਸ ਇਤਿਹਾਸਕ ਦੀਵਾਨ ਵਿਚ ਬੈਠਾ ਹੋਇਆ ਨਹੀਂ ਸੀ, ਜਿਸ ਨੇ ਕਿ ਆਪਣੀ ਅੱਖੀਂ ਬਕਰੇ ਲਿਆਏ ਜਾਂਦੇ, ਅਥਵਾ ਤੰਬੂ ਵਿਚ ਬੱਧੇ ਜਾਂਦੇ ਵੇਖੇ ਹੋਣ, ਅਥਵਾ ਤੰਬੂ ਅੰਦਰ ਉਨ੍ਹਾਂ ਦੇ ਵਢੇ ਜਾਣ ਦੀ ਆਵਾਜ਼ ਆਪਣੇ ਕੰਨੀਂ ਸੁਣੀ ਹੋਵੇ, ਜਾਂ ਸਾਰਾ ਕੌਤਕ ਹੋ ਜਾਣ ਪਿਛੋਂ ਉਸ ਤੰਬੂ ਵਿਚੋਂ ਉਨ੍ਹਾਂ ਮਰੇ ਹੋਏ ਬਕਰਿਆਂ ਨੂੰ ਕਢਿਆ ਗਿਆ ਵੇਖਿਆ ਹੋਵੇ, ਅਥਵਾ ਉਨ੍ਹਾਂ ਦੇ ਮਾਸ ਨੂੰ ਕਿਸੇ ਪਾਸੇ ਵਰਤਿਆ ਜਾ ਰਿਹਾ ਜਾਂ ਕਿਸੇ ਲੰਗਰ ਵਿਚ ਬਣਿਆ ਹੋਇਆ ਵੰਡਿਆ ਜਾ ਰਿਹਾ ਵੇਖਿਆ ਹੋਵੇ।

ਵਕਤ ਦੀ ਹਕੂਮਤ ਦੇ ਖ਼ੁਫ਼ੀਆ ਮਹਿਕਮੇ ਦੇ ਕਰਮਚਾਰੀ ਹਕੂਮਤ ਦੇ ਭੇਜੇ ਉਸ ਦੀਵਾਨ ਵਿਚ ਮੌਜੂਦ ਸਨ। ਉਨ੍ਹਾਂ ਨੇ ਉਸ ਦਿਨ ਦੇ ਦੀਵਾਨ ਦੀ ਕਾਰਵਾਈ ਦੀ ਪੂਰੀ ਪੂਰੀ ਰੀਪੋਰਟ ਆਪਣੀ ਸਰਕਾਰ ਨੂੰ ਭੇਜੀ ਹੈ। ਉਨ੍ਹਾਂ ਦੀਵਾਨ ਵਿਚ ਹਾਜ਼ਰ ਸੰਗਤਾਂ ਦੇ ਅੰਕੜੇ ਵੀ ਦਿਤੇ ਹਨ। ਉਸ ਇਤਿਹਾਸਕ ਦਿਨ ਉਤੇ ਕੀਤੀ ਗਈ ਸਤਿਗੁਰੂ ਜੀ ਦੀ ਵਲਵਲਾ-ਖ਼ੇਜ਼ ਤਕਰੀਰ ਵੀ ਆਪਣੀ ਹਕੂਮਤ ਨੂੰ ਭੇਜੀ ਹੈ। ਸਤਿਗੁਰੂ ਜੀ ਦਾ ਅੰਮ੍ਰਿਤ ਤਿਆਰ ਕਰਨਾ, ਪੰਜਾਂ ਨੂੰ ਛਕਾਣਾ ਤੇ ਫਿਰ ਉਨ੍ਹਾਂ ਹਥੋਂ ਆਪ ਛਕਣਾ, ਇਸ ਸਾਰੀ ਰੀਪੋਰਟ ਦਾ ਉਲੇਖ, ਉਨ੍ਹਾਂ ਦੀ ਭੇਜੀ ਰੀਪੋਰਟ ਤੋਂ ਮਿਲਦਾ ਹੈ। ਉਨ੍ਹਾਂ ਦੀ ਇਸ ਰੀਪੋਰਟ ਵਿਚ ਕਿਧਰੇ ਵੀ ਬਕਰਿਆਂ ਦਾ ਜ਼ਿਕਰ ਨਹੀਂ ਹੈ। ਜੇ ਉਪਰੋਕਤ ਲਾਲ ਬੁਝੱਕੜ ਇਤਿਹਾਸਕਾਰਾਂ ਦੀ ਲਿਖਤ ਅਨੁਸਾਰ ਬਕਰੇ ਉਥੇ ਹੁੰਦੇ ਤਾਂ ਕਦੇ ਇਹ ਨਹੀਂ ਹੋ ਸਕਦਾ ਕਿ ਉਹ ਉਨ੍ਹਾਂ 'ਵਾਲ ਦੀ ਖਲ ਲਾਹੁਣ ਵਾਲੇ' ਜਾਸੂਸਾਂ ਦੀ ਨਜ਼ਰ ਤੋਂ ਬਚੇ ਰਹਿੰਦੇ।

ਜਿਹੜੇ ਸਜਣ "ਬਕਰੇ ਵਢੇ" ਦਾ ਉਲੇਖ ਕਰਦੇ ਹਨ, ਨਿਰਸੰਦੇਹ ਉਹ ਸਤਿਗੁਰੂ ਜੀ ਉਤੇ ਬੇਵਿਸ਼ਵਾਸੀ ਤੇ ਬੇਇਤਬਾਰੀ ਪ੍ਰਗਟ ਕਰਦੇ ਹਨ।......ਇਹੋ ਜਿਹੇ, ਗੁਰੂ ਉਤੇ ਵਿਸ਼ਵਾਸ ਨਾ ਰਖਦੇ ਸਜਣ ਨਿਰਸੰਦੇਹ ਗੁਰੂ ਤੋ ਬੇਮੁਖ ਹਨ ਤੇ ਇਨ੍ਹਾਂ ਗੁਰੂ ਤੋਂ ਬੇਮੁਖਾਂ ਦੀਆਂ ਲਿਖਤਾਂ* ਉਤੇ ਇਤਬਾਰ ਕਰਨ ਵਾਲੇ, ਗੁਰੂ ਜੀ ਤੋਂ ਬੇਮੁਖਤਾਈ ਦੇ ਪਾਪ ਦੇ ਭਾਗੀ ਬਣ ਰਹੇ ਹਨ। ['ਸਿਖ ਧਰਮ ਤੇ ਮਾਸ ਸ਼ਰਾਬ' ਪੁਸਤਕ ਚੋਂ

**ਭਾਈ ਸਾਹਿਬ ਭਾ: ਰਣਧੀਰ ਸਿੰਘ ਜੀ ਇਸ ਗੁੰਝਲ ਦਾ ਸੁਪਸ਼ਟ ਸ਼ਬਦਾਂ ਵਿਚ ਗੁਰਮਤਿ ਨਿਰਣਾ ਕਰਦੇ ਲਿਖਦੇ ਹਨ—**

"ਬਹੁਤ ਸਾਰੇ ਸ਼ਰਧਾਵਾਨ ਸਿੰਘ ਸਾਹਿਬਾਨ ਦਾ ਪੂਰਨ ਵਿਸ਼ਵਾਸ ਇਹ ਹੈ ਕਿ ਸਰਬ-ਕਲਾ ਸਮਰੱਥ ਚੋਜੀ ਗੁਰੂ ਸ੍ਰੀ ਦਸਮੇਸ਼ ਜੀ ਨੇ ਪੰਜਾਂ ਪਿਆਰਿਆਂ ਦੇ ਹੀ ਸੀਸ ਸ੍ਰੀ ਸਾਹਿਬ ਨਾਲ ਲਾਹ ਕੇ, ਫੇਰ ਸੁਰਜੀਤ ਕਰ ਦਿਤੇ। ਇਹ ਗੱਲ ਐਨ ਸੋਲਾਂ ਆਨੇ ਸੱਚ ਹੈ ਕਿ ਗੁਰੂ ਸਤਿਗੁਰੂ ਦਸਮੇਸ਼ ਜੀ ਨੇ—

"ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ ॥ ਸਿਰੁ ਦੀਜੈ ਕਾਣਿ ਨ ਕੀਜੈ ॥"

ਅਤੇ— "ਪਹਿਲਾ ਮਰਣੁ ਕਬੂਲਿ, ਜੀਵਣ ਕੀ ਛਡਿ ਆਸ ॥"

---

*ਪੰਥ-ਦੋਖੀ ਜੁੰਡਲੀ ਵਲੋਂ ਪੰਥ ਨੂੰ ਧੋਖਾ ਦੇਣ ਲਈ ਫ਼ਰਜ਼ੀ ਅਤੇ ਸਿਖ ਧਰਮ ਦੇ ਆਦਰਸ਼ਾਂ ਤੇ ਅਸੂਲਾਂ ਵਿਰੁਧ ਸਾਹਿੱਤ ਪ੍ਰਕਾਸ਼ਤ ਕੀਤਾ ਜਾਂਦਾ ਰਿਹਾ ਹੈ।



www.AKJ.Org

# ਅਤਿਵਾਦੀਆਂ ਉਤੇ ਜੇਲ੍ਹਾਂ ਵਿਚ ਤਸ਼ੱਦਦ

ਸ: ਹਰਵਿੰਦਰ ਸਿੰਘ ਖਾਲਸਾ ਪ੍ਰਧਾਨ ਆਲ ਇੰਡੀਆ ਸਿੱਖ ਸਟੂਡੈਂਟਸ ਫ਼ੈਡਰੇਸ਼ਨ (ਖਾਲਸਾ) ਦੋ ਸਾਲਾਂ ਦੀ ਨਜ਼ਰਬੰਦੀ ਪਿਛੋਂ ਰਿਹਾਅ ਹੋਏ। ਇਦਾਰਾ ਰੋਜ਼ਾਨਾ ਅਜੀਤ ਨਾਲ ਆਪ ਦੀ ਮੁਲਾਕਾਤ ਹੋਈ। ਉਸ ਦੇ ਮੁਢਲੇ ਦੋ ਤਿੰਨ ਪ੍ਰਸ਼ਨ ਉਤਰ ਪਾਠਕਾਂ ਦੀ ਭੇਟ ਕਰ ਰਹੇ ਹਾਂ। —ਸੰਪਾਦਕ

? ਖਾਲਸਾ ਜੀ, ਤੁਸੀਂ ਲਗਪਗ ਦੋ ਸਾਲ ਬਾਅਦ ਜੇਲ੍ਹ ਚੋਂ ਰਿਹਾਅ ਹੋ ਕੇ ਆਏ ਹੋ। ਇਸ ਗੱਲ ਦੀ ਬੜੀ ਚਰਚਾ ਰਹੀ ਹੈ ਕਿ ਨਜ਼ਰਬੰਦ ਨੌਜਵਾਨਾਂ ਤੇ ਬਹੁਤ ਤਸ਼ੱਦਦ ਹੋਇਆ। ਇਸ ਲਈ ਪਹਿਲਾਂ ਤਾਂ ਤੁਹਾਨੂੰ ਇਹੀ ਪੁਛਾਂਗੇ ਕਿ ਤੁਸੀਂ ਕਿਸ ਕਿਸ ਜੇਲ੍ਹ ਵਿਚ ਰਹੇ ਤੇ ਤੁਹਾਡੇ ਨਾਲ ਕੀ ਬੀਤੀ ?

—ਮੈਨੂੰ ਹੋਰ ਸਾਥੀਆਂ ਸਮੇਤ ੬ ਜੂਨ ੧੯੮੪ ਨੂੰ ਗੁਰਦੁਆਰਾ ਦੂਖ ਨਿਵਾਰਨ ਸਾਹਿਬ ਪਟਿਆਲਾ ਤੋਂ ਗ੍ਰਿਫਤਾਰ ਕੀਤਾ ਗਿਆ ਸੀ। ੪੩ ਦਿਨ ਸਾਨੂੰ ਪਟਿਆਲੇ ਦੇ ਫੌਜੀ ਕੈਂਪ ਵਿਚ ਰਖਿਆ ਗਿਆ। ਇਸ ਸਮੇਂ ਦੌਰਾਨ ਸਾਡੇ ਤੇ ਅਸਹਿ ਜਬਰ ਕੀਤਾ ਗਿਆ। ਮੇਰਾ ਇਕ ਦੰਦ ਟੁਟ ਗਿਆ ਤੇ ਮੱਥੇ ਤੇ ਕਾਫ਼ੀ ਸੱਟ ਵੱਜੀ। ਇਸ ਤੋਂ ਇਲਾਵਾ ਕੈਂਪ ਵਿਚ ਸਾਨੂੰ ਬਿਜਲੀ ਦੇ ਸ਼ਾਟ ਲਾਉਣ, ਗਰਮ ਲੁਕ ਤੇ ਤੁਰਾਉਣ, ਕੁਰਸੀ ਲਾਉਣ (ਕੱਚੀ ਫਾਂਸੀ), ਜ਼ਖਮ ਕਰ ਕੇ ਉਪਰ ਲੂਣ ਪਾਉਣ, ਗਰਮ ਸੀਖਾਂ ਲਾਉਣ, ਸਾਰਾ ਦਿਨ ਧੁੱਪੇ ਖੜੇ ਰੱਖਣ, ਰਾਤ ਨੂੰ ਸੌਣ ਨਾ ਦੇਣ ਆਦਿ ਦੀਆਂ ਸਜ਼ਾਵਾਂ ਦਿੱਤੀਆਂ ਗਈਆਂ। ਜਦੋਂ ਅਸੀਂ ਸੌਂਦੇ ਸਾਂ ਤਾਂ ਉਥੇ ਇਕ ਘੰਟੀ ਲੱਗੀ ਹੋਈ ਸੀ, ਜੋ ਘੰਟੇ ਘੰਟੇ ਬਾਅਦ ਵਜਦੀ ਸੀ ਤੇ ਸਾਨੂੰ ਉਠਣਾ ਪੈਂਦਾ ਸੀ, ਨਹੀਂ ਤਾਂ ਤਸ਼ੱਦਦ ਹੁੰਦਾ ਸੀ। ਹੱਥ ਪਿੱਛੇ ਬੰਨੇ ਹੋਣ ਕਰਕੇ ਸਾਨੂੰ ਛਾਤੀ ਭਾਰ ਹੀ ਸੌਣਾ ਪੈਂਦਾ ਸੀ।

? ਹੋਰ ਕਿਹੜੀਆਂ ਕਿਹੜੀਆਂ ਜੇਲ੍ਹਾਂ ਵਿਚ ਰਹੇ ?

—ਫੌਜੀ ਕੈਂਪ ਤੋਂ ਇਲਾਵਾ ਮੈਨੂੰ ਪਟਿਆਲਾ, ਨਾਭਾ, ਬਠਿੰਡਾ, ਲੱਧਾ ਕੋਠੀ (ਸੰਗਰੂਰ) ਆਦਿ ਜੇਲ੍ਹਾਂ ਵਿਚ ਰਖਿਆ ਗਿਆ।

? ਇਨ੍ਹਾਂ ਜੇਲ੍ਹਾਂ ਵਿਚ ਵੀ ਤਸੀਹੇ ਦਿੱਤੇ ਗਏ ?

—ਹਾਂ-ਹਾਂ, ਇਨ੍ਹਾਂ ਜੇਲ੍ਹਾਂ ਵਿਚ ਵੀ ਤਸੀਹੇ ਦਿੱਤੇ ਗਏ। ਲੱਧਾ ਕੋਠੀ (ਸੰਗਰੂਰ) ਵਿਖੇ ਮੈਨੂੰ ਜੁਡੀਸ਼ੀਅਲ ਹਿਰਾਸਤ ਵਿਚ ਹੋਣ ਦੇ ਬਾਵਜੂਦ ਪੁੱਠੇ ਲਮਕਾਉਣ, ਘੋਟਨਾ ਲਾਉਣ, ਡਾਂਗਾਂ ਨਾਲ ਕੁੱਟਣ ਆਦਿ ਦੀਆਂ ਸਜ਼ਾਵਾਂ ਦਿਤੀਆਂ ਗਈਆਂ। ਗੰਦਾ ਖਾਣਾ ਦਿੱਤਾ ਜਾਂਦਾ ਸੀ ਅਤੇ ਕਿਸੇ ਨੂੰ ਮੁਲਾਕਾਤ ਕਰਨ ਨਹੀਂ ਦਿੱਤੀ ਜਾਂਦੀ ਸੀ।

? ਤੁਹਾਡੇ ਤੇ ਕਿਹੜੇ ਕਿਹੜੇ ਕੇਸ ਦਰਜ ਕੀਤੇ ਗਏ ਸਨ ?

—ਮੇਰੇ ਤੇ ਕੁਲ ੨੩ ਕੇਸ ਦਰਜ ਕੀਤੇ ਗਏ ਸਨ। ਇਨ੍ਹਾਂ ਵਿਚ ਦੇਸ਼ ਵਿਰੁਧ ਲੜਾਈ ਛੇੜਨ, ੩੦੨ ਅਤੇ ੩੦੭ ਧਾਰਾ ਅਧੀਨ ਦਰਜ ਕੀਤੇ ਗਏ ਕੇਸ ਵੀ ਸ਼ਾਮਲ ਸਨ। ਇਸ ਤੋਂ ਇਲਾਵਾ ਐਨ. ਐਸ. ਏ. ਵੀ ਲਾਇਆ ਗਿਆ। ਇਨ੍ਹਾਂ ਸਾਰੇ ਕੇਸਾਂ ਵਿਚੋਂ ਮੈਂ ਬਰੀ ਹੋਇਆਂ।...... —ਅਜੀਤ ੧੭-੭-੮੬

---

● ਗੁਰਵਾਕਾਂ ਦੀ ਸੱਚੀ ਕਸਵੱਟੀ ਤੇ ਚਾੜ੍ਹ ਕੇ ਹੀ ਅੰਮ੍ਰਿਤ-ਅਭਿਲਾਖੀਆਂ ਨੂੰ ਅੰਮ੍ਰਿਤ ਦੀ ਦਾਤਿ ਪ੍ਰਦਾਨ ਕੀਤੀ। ਕੋਈ ਭਿਆਨਕ ਰੋਚਕ ਪਰਤਾਵੇ ਨਹੀਂ ਪਏ, ਐਨ ਯਥਾਰਥ ਪੂਰਨੇ ਸੀਸ ਉਤਾਰਨ ਦੇ ਪਾਏ। ਸੀਸ ਉਤਾਰ ਕੇ ਫਿਰ ਸੁਰਜੀਤ ਕਰ ਦੇਣਾ ਗੁਰੂ ਕਲਾ-ਕ੍ਰਿਸ਼ਮੀ ਦਾ ਸੱਚਾਵਾ ਕ੍ਰਿਸ਼ਮਾ ਹੈ।......ਇਸ ਵਿਚ ਰੰਚਕ ਵੀ ਸੰਦੇਹ ਨਹੀਂ ਕਿ ਦੇਹੋਂ ਬਦੇਹ ਕੀਤੇ ਬਾਝੋਂ ਅੰਮ੍ਰਿਤ-ਕਲਾ ਵਰਤਦੀ ਹੀ ਨਹੀਂ। ਚੋਜੀ ਸਤਿਗੁਰੂ ਨੇ ਸੱਚਾ ਚਲਤ ਅਮਰ ਕਰਾਉਣ ਦਾ ਵਰਤਾਇਆ। **ਬਕਰੇ ਵਢਾਣ ਦੇ ਪਰਪੰਚ ਰਚਣ ਦੀ ਸਤਿਗੁਰੂ ਸਤਿਵਾਦੀ ਨੂੰ ਕੀ ਲੋੜ ਸੀ ?** ਇਹ ਸਭ ਝੂਠ ਲਿਖਤ ਲਿਖੀ ਹੈ ਲਿਖਣ-ਹਾਰਿਆਂ ਨੇ।'' ["ਝਟਕਾ ਮਾਸ ਪ੍ਰਥਾਇ ਤਤ ਗੁਰਮਤਿ ਨਿਰਣਯ" ਚੋਂ



www.AKJ.Org

# ਆਦਿ--ਵਿਸਮਾਦੁ

[ਗਿਆਨੀ ਹਰਬੰਸ ਸਿੰਘ ਜੀ, ਚੰਡੀਗੜ੍ਹ]

'ਆਦਿ' ਬਾਰੇ ਸਿੱਧਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਪਾਸੋਂ ਇਉਂ ਪ੍ਰਸ਼ਨ ਪੁੱਛਿਆ ਸੀ :–

"ਆਦਿ ਕਉ ਕਵਨੁ ਬੀਚਾਰੁ ਕਥੀਅਲੇ, ਸੁੰਨ ਕਹਾ ਘਰ ਵਾਸੋ" ?

ਜਿਸ ਦਾ ਉਤਰ ਗੁਰੂ ਬਾਬਾ ਜੀ ਨੇ 'ਸਿਧ ਗੋਸਟਿ' ਬਾਣੀ ਵਿੱਚ ਇਉਂ ਦਿੱਤਾ ਸੀ :–

"ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ, ਸੁੰਨ ਨਿਰੰਤਰਿ ਵਾਸੁ ਲੀਆ" ॥ (ਪੰ: ੯੪੦)

ਸ੍ਰਿਸ਼ਟੀ-ਰਚਨਾ ਤੋਂ ਪਹਿਲਾਂ ਕੀ ਸੀ ? ਸ੍ਰਿਸ਼ਟੀ ਦੇ ਪਸਾਰੇ ਅਰਥਾਤ ਪ੍ਰਕਿਰਤੀ ਤੇ ਅਨੇਕ ਪ੍ਰਕਾਰ ਦੇ ਜੀਆਂ ਜੰਤਾਂ ਦੀ ਉਤਪਤੀ ਕਿਵੇਂ ਹੋਈ ? ਬੋਲ-ਚਾਲ ਦੀ ਮਰਯਾਦਾ ਕਿਵੇਂ ਬਣੀ ? ਲਿਖਣ-ਪੜ੍ਹਨ ਦੀ ਪਿਰਤ ਕਿਵੇਂ ਪਈ ? ਗਿਆਨ-ਮੰਡਲ ਦੇ ਵਿਦਿਆਰਥੀਆਂ ਦੇ ਮਨਾਂ ਵਿਚੋਂ ਪਹਿਲਾਂ ਇਸ ਪ੍ਰਕਾਰ ਦੇ ਪ੍ਰਸ਼ਨ ਉਠਦੇ ਹਨ ਅਤੇ ਉਹ ਲੋੜੀਂਦੀ ਜਾਣਕਾਰੀ ਪ੍ਰਾਪਤ ਕਰਨ ਲਈ ਗਾਡੀ-ਰਾਹ ਲੱਭਣ ਦਾ ਜਤਨ ਕਰਦੇ ਹਨ। ਸਤਿਗੁਰਾਂ ਨੇ ਆਪਣੇ ਜੀਵਨ-ਕਾਲ ਵਿਚ ਜਗਿਆਸੂਆਂ ਦੀ ਸਾਰੀ ਕਿਰਿਆ ਨੂੰ ਵਰਤੋਂ ਵਿਚ ਲਿਆ ਕੇ ਜੀਵਨ-ਜਾਚ ਸਿਖਣ ਸਿਖਾਉਣ ਦੇ ਸੁੰਦਰ ਪੂਰਨੇ ਪਾਏ। ਆਪ ਰੱਬੀ-ਹੁਕਮ ਅੰਦਰ ਚੱਲੇ, ਭਾਣੇ ਵਿਚ ਵਿਚਰ ਕੇ ਕੁਰਬਾਨੀਆਂ ਦਿਤੀਆਂ ਅਤੇ ਸ਼ਬਦ-ਚਾਨਣ ਨਾਲ ਗੁਰਮੁਖ ਜੀਵਨ ਨੂੰ ਜਗਮਗਾਇਆ, ਜਿਸ ਦੀ ਲੋਅ ਸਾਨੂੰ ਹੁਣ ਵੀ ਜੀਵਨ-ਅਗਵਾਈ ਦੇ ਰਹੀ ਹੈ ਅਤੇ ਸਦਾ ਲਈ ਦੇਂਦੀ ਰਹੇਗੀ।

ਜਿਥੋਂ ਤੱਕ ਸ੍ਰਿਸ਼ਟੀ-ਰਚਨਾ ਤੋਂ ਪਹਿਲੇ 'ਆਦਿ' ਬਾਰੇ ਵੀਚਾਰ ਹੈ, ਉਸ ਦਾ ਵਿਸਥਾਰ ਗੁਰੂ ਬਾਬਾ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪੰਨਾ ੧੦੩੫-੩੬ ਉਤੇ ਮਾਰੂ ਰਾਗ ਵਿਚ ਇਉਂ ਕੀਤਾ ਹੈ :–

ਅਰਬਦ ਨਰਬਦ ਧੁੰਧੂਕਾਰਾ ॥ ਧਰਣਿ ਨ ਗਗਨਾ ਹੁਕਮੁ ਅਪਾਰਾ ॥
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ, ਸੁੰਨ ਸਮਾਧਿ ਲਗਾਇਦਾ ॥੧॥
ਖਾਣੀ ਨ ਬਾਣੀ ਪਉਣ ਨ ਪਾਣੀ ॥ ਓਪਤਿ ਖਪਤਿ ਨ ਆਵਣ ਜਾਣੀ ॥
ਖੰਡ ਪਤਾਲ ਸਪਤ ਨਹੀ ਸਾਗਰ, ਨਦੀ ਨ ਨੀਰੁ ਵਹਾਇਦਾ ॥੨॥
ਨਾ ਤਦਿ ਸੁਰਗੁ ਮਛੁ ਪਇਆਲਾ ॥ ਦੋਜਕੁ ਭਿਸਤੁ ਨਹੀ ਖੈ ਕਾਲਾ ॥
ਨਰਕੁ ਸੁਰਗੁ ਨਹੀ ਜੰਮਣੁ ਮਰਣਾ, ਨਾ ਕੋ ਆਇ ਨ ਜਾਇਦਾ ॥੩॥
ਬ੍ਰਹਮਾ ਬਿਸਨੁ ਮਹੇਸੁ ਨ ਕੋਈ ॥ ਅਵਰੁ ਨ ਦੀਸੈ ਏਕੋ ਸੋਈ ॥
ਨਾਰਿ ਪੁਰਖੁ ਨਹੀ ਜਾਤਿ ਨ ਜਨਮਾ, ਨਾ ਕੋ ਦੁਖੁ ਸੁਖੁ ਪਾਇਦਾ ॥੪॥
ਨਾ ਤਦਿ ਜਤੀ ਸਤੀ ਬਨਵਾਸੀ ॥ ਨਾ ਤਦਿ ਸਿਧ ਸਾਧਿਕ ਸੁਖਵਾਸੀ ॥
ਜੋਗੀ ਜੰਗਮ ਭੇਖੁ ਨ ਕੋਈ, ਨਾ ਕੋ ਨਾਥੁ ਕਹਾਇਦਾ ॥੫॥
ਜਪ ਤਪ ਸੰਜਮ ਨਾ ਬ੍ਰਤ ਪੂਜਾ ॥ ਨਾ ਕੋ ਆਖਿ ਵਖਾਣੈ ਦੂਜਾ ॥
ਆਪੇ ਆਪਿ ਉਪਾਇ ਵਿਗਸੈ, ਆਪੇ ਕੀਮਤਿ ਪਾਇਦਾ ॥੬॥
ਨਾ ਸੁਚਿ ਸੰਜਮੁ ਤੁਲਸੀ ਮਾਲਾ ॥ ਗੋਪੀ ਕਾਨੁ ਨ ਗਊ ਗੁੋਆਲਾ ॥
ਤੰਤੁ ਮੰਤੁ ਪਾਖੰਡੁ ਨ ਕੋਈ, ਨਾ ਕੋ ਵੰਸੁ ਵਜਾਇਦਾ ॥੭॥
ਕਰਮ ਧਰਮ ਨਹੀ ਮਾਇਆ ਮਾਖੀ ॥ ਜਾਤਿ ਜਨਮੁ ਨਹੀ ਦੀਸੈ ਆਖੀ ॥
ਮਮਤਾ ਜਾਲੁ ਕਾਲੁ ਨਹੀ ਮਾਥੈ, ਨਾ ਕੋ ਕਿਸੈ ਧਿਆਇਦਾ ॥੮॥
ਨਿੰਦੁ ਬਿੰਦੁ ਨਹੀ ਜੀਉ ਨ ਜਿੰਦੋ ॥ ਨ ਤਦਿ ਗੋਰਖੁ ਨਾ ਮਾਛਿੰਦੋ ॥
ਨਾ ਤਦ ਗਿਆਨੁ ਧਿਆਨੁ ਕੁਲ ਓਪਤਿ, ਨਾ ਕੋ ਗਣਤ ਗਣਾਇਦਾ ॥੯॥



www.AKJ.Org

ਵਰਨ ਭੇਖ ਨਹੀ ਬ੍ਰਹਮਣ ਖਤ੍ਰੀ ॥ ਦੇਉ ਨ ਦੇਹੁਰਾ ਗਊ ਗਾਇਤ੍ਰੀ ॥
ਹੋਮ ਜਗ ਨਹੀ ਤੀਰਥਿ ਨਾਵਣੁ, ਨਾ ਕੋ ਪੂਜਾ ਲਾਇਦਾ ॥੧੦॥
ਨਾ ਕੋ ਮੁਲਾ ਨਾ ਕੋ ਕਾਜੀ ॥ ਨਾ ਕੋ ਸੇਖੁ ਮਸਾਇਕੁ ਹਾਜੀ ॥
ਰਈਅਤਿ ਰਾਉ ਨ ਹਉਮੈ ਦੁਨੀਆ, ਨਾ ਕੋ ਕਹਣੁ ਕਹਾਇਦਾ ॥੧੧॥
ਭਾਉ ਨ ਭਗਤੀ ਨਾ ਸਿਵ ਸਕਤੀ ॥ ਸਾਜਨੁ ਮੀਤੁ ਬਿੰਦੁ ਨਹੀ ਰਕਤੀ ॥
ਆਪੇ ਸਾਹੁ ਆਪੇ ਵਣਜਾਰਾ, ਸਾਚੇ ਇਹੋ ਭਾਇਦਾ ॥੧੨॥
ਬੇਦ ਕਤੇਬ ਨ ਸਿੰਮ੍ਰਿਤਿ ਸਾਸਤ ॥ ਪਾਠ ਪੁਰਾਣ ਉਦੈ ਨਹੀ ਆਸਤ ॥
ਕਹਤਾ ਬਕਤਾ ਆਪਿ ਅਗੋਚਰੁ, ਆਪੇ ਅਲਖੁ ਲਖਾਇਦਾ ॥੧੩॥.....

ਉਪਰੋਕਤ ਸ਼ਬਦ ਦੇ ਤੇਰ੍ਹਾਂ ਅੰਕਾਂ ਵਿੱਚ ਪ੍ਰਭੂ ਦੀ ਉਸ ਨਿਰਗੁਣ ਅਵਸਥਾ ਦਾ ਵਰਨਣ ਹੈ ਜਦੋਂ 'ਆਪ ਹੀ ਆਪ' ਸੀ, ਹੋਰ ਕੁਝ ਨਹੀਂ ਸੀ। ਵਿਸ਼ਵ ਹੋਂਦ ਤੋਂ ਪਹਿਲਾਂ ਦੀ ਅਵਸਥਾ ਨੂੰ 'ਧੁੰਧੂਕਾਰਾ' ਦੱਸ ਕੇ ਇਉਂ ਅੰਕਿਤ ਕੀਤਾ ਹੈ ਕਿ ਓਦੋਂ ਅਪਰ-ਅਪਾਰ ਪ੍ਰਭੂ ਨੇ ਆਪਣੇ ਆਪ ਵਿੱਚ ਤਾੜੀ ਲਾਈ ਹੋਈ ਸੀ–

(ੳ) ਕੇਤੜਿਆ ਜੁਗ ਧੁੰਧੂਕਾਰੈ ॥ ਤਾੜੀ ਲਾਈ ਸਿਰਜਣਹਾਰੈ ॥
ਸਚੁ ਨਾਮੁ ਸਚੀ ਵਡਿਆਈ, ਸਾਚੈ ਤਖਤਿ ਵਡਾਈ ਹੇ ॥ (ਪੰਨਾ ੧੦੨੩)
(ਅ) ਕੇਤੇ ਜੁਗ ਵਰਤੇ ਗੁਬਾਰੈ ॥ ਤਾੜੀ ਲਾਈ ਅਪਰ ਅਪਾਰੈ ॥
ਧੁੰਧੂਕਾਰ ਨਿਰਾਲਮੁ ਬੈਠਾ, ਨਾ ਤਦਿ ਧੰਧੁ ਪਸਾਰਾ ਹੇ ॥ (ਪੰਨਾ ੧੦੨੬)

ਇਸੇ ਤਰ੍ਹਾਂ ਦੀ ਵੀਚਾਰ ਸਾਨੂੰ ਸ੍ਰੀ ਗੁਰੂ ਅਮਰਦਾਸ ਅਤੇ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਬਦਾਵਲੀ ਵਿਚੋਂ ਵੀ ਪ੍ਰਾਪਤ ਹੁੰਦੀ ਹੈ ; ਜਿਵੇਂ ਕਿ–

(ੳ) ਕੇਤੜਿਆ ਦਿਨ ਗੁਪਤ ਕਹਾਇਆ ॥ ਕੇਤੜਿਆ ਦਿਨ ਸੁੰਨਿ ਸਮਾਇਆ ॥
ਕੇਤੜਿਆ ਦਿਨ ਧੁੰਧੂਕਾਰਾ, ਆਪੇ ਕਰਤਾ ਪਰਗਟੜਾ ॥ (ਪੰਨਾ ੧੦੮੧-੮੨)
(ਅ) ਛਤੀਹ ਜੁਗ ਗੁਬਾਰੁ ਸਾ, ਆਪੇ ਗਣਤ ਕੀਨੀ ॥ (ਪੰਨਾ ੯੪੯)

ਗੁਰੂ ਸਾਹਿਬ ਦੀ ਵਰਤੀ ਹੋਈ ਉਕਤ ਸ਼ਬਦਾਵਲੀ ਵਿੱਚ 'ਧੁੰਧੂਕਾਰ' ਅਤੇ 'ਸੁੰਨ' ਦੇ ਅਰਥ 'ਸੁਨ' ਜਾਂ 'ਘੁੱਪ ਹਨੇਰਾ' ਨਹੀਂ। ਅਸਲ ਵਿੱਚ ਇਹ ਅਵਸਥਾ ਅਨਾਦੀ ਪ੍ਰਭੂ ਦੀ ਆਦਿ-ਕਲਾ, 'ਅਫੁਰ ਸਮਾਧੀ' ਦੀ ਪ੍ਰਤੀਕ ਹੈ। ਭਾਵ, ਸਦਾ ਅਨੰਦ ਅਨੰਦੀ ਸਾਹਿਬ ਜੀ ਆਪਣੇ ਆਪ ਵਿੱਚ ਮਗਨ ਸਨ, ਨਿਰ-ਆਕਾਰ ਅਵਸਥਾ ਵਿੱਚ ਤਦਰੂਪ ਸਨ। ਇਸ ਪ੍ਰਕਾਰ ਗੁਰੂ ਸਾਹਿਬ ਜੀ ਦਾ 'ਸੁੰਨ ਸੰਕਲਪ' ਜੋਗ-ਮਤ ਨਾਲੋਂ ਨਿਰਾਲਾ ਹੈ, ਜੋ ਕੇਵਲ 'ਨਿਰਗੁਣ ਹਸਤੀ' ਦਾ ਲਖਾਇਕ ਹੈ; ਜਿਸ ਦੀ ਵਿਸਥਾਰ ਪੂਰਬਕ ਵਿਆਖਿਆ ਗੁਰੂ ਬਾਬਾ ਜੀ ਨੇ ''ਸੁੰਨ ਕਲਾ ਅਪਰੰਪਰਿ ਧਾਰੀ ॥ ਆਪਿ ਨਿਰਾਲਮੁ ਅਪਰ ਅਪਾਰੀ'' (ਪੰ: ੧੦੩੭) ਵਾਲੇ ਸ਼ਬਦ ਦੁਆਰਾ ਕੀਤੀ ਹੈ। 'ਸੁੰਨ' ਵਾਂਗ 'ਧੁੰਧੂਕਾਰਾ' ਦਾ ਭਾਵ ਵੀ 'ਹਨੇਰਾ' ਨਹੀਂ ਮੰਨਿਆ ਜਾ ਸਕਦਾ। ਜੇ 'ਹਨੇਰਾ' ਜਾਂ 'ਸੁੰਨ-ਮੁੰਨ' (ਚੁਪ-ਚਾਪ) ਮੰਨ ਲਈਏ ਤਾਂ ਸੁਤੇ ਹੀ ਦੂਜੀ ਵਸਤੂ ਦੀ ਹੋਂਦ ਦਾ ਪ੍ਰਗਟਾਅ ਹੋ ਜਾਂਦਾ ਹੈ। ਅਸਲ ਵਿੱਚ ਪ੍ਰਭੂ ਦੇ ਨਿਰਗੁਣ ਸਰੂਪ ਨੂੰ ਦਰਸਾਉਣ ਵਾਲੇ ਸ਼ਬਦਾਂ ਦੇ ਅਰਥ-ਭਾਵ ਅੱਖਰਾਂ ਅਤੇ ਅਕਲਾਂ ਦੇ ਕਲਾਵਿਆਂ ਵਿੱਚ ਨਹੀਂ ਆ ਸਕਦੇ। ਇਥੋਂ ਤੱਕ ਕਿ ਪ੍ਰਭੂ ਦੀ ਆਦਿ ਅਵਸਥਾ ਬਾਰੇ ਤਾਂ ਕਰਤਾ ਪੁਰਖ, ਨਿਰਭਉ, ਨਿਰਵੈਰੁ, ਅਕਾਲ ਮੂਰਤਿ, ਅਤੇ ਅਜੂਨੀ ਵਾਲੇ ਵਿਸ਼ੇਸ਼ਣ ਵੀ ਨਹੀਂ ਘਟਾਏ ਜਾ ਸਕਦੇ, ਕਿਉਂਕਿ ਇਹ ਸਾਰੇ ਵਿਸ਼ੇਸ਼ਣ 'ਆਦਿ-ਪੁਰਖ' ਦੇ ਪ੍ਰਗਟ ਹੋਣ ਤੇ ਹੀ ਸੁਭਾਇਮਾਨ ਹੁੰਦੇ ਹਨ। ਗੱਲ ਕੀ, ਮਨ-ਬੁਧੀ ਦੇ ਘੇਰੇ ਵਿੱਚ ਆਉਣ ਵਾਲਾ ਕੋਈ ਖਿਆਲ ਵੀ ਪ੍ਰਭੂ ਦੀ ਆਦਿ ਅਵਸਥਾ ਨੂੰ ਬਿਆਨ ਨਹੀਂ ਕਰ ਸਕਦਾ, ਕਿਉਂਕਿ ਓਦੋਂ ਨਾਦ ਅਥਵਾ ਸ਼ਬਦ (ਬੋਲ) ਦਾ ਵੀ ਅਭਾਵ ਸੀ।

ਹੋ ਸਕਦਾ ਹੈ ਕਿ ਪਾਠਕ ਜਨਾਂ ਦੇ ਮਨਾਂ ਵਿੱਚੋਂ ਉਕਤ ਅਵਸਥਾ ਦੇ ਨਿਰੂਪਣ ਬਾਰੇ ਕੋਈ ਸ਼ੰਕਾ ਉਤਪੰਨ ਹੋਵੇ, ਕਿਉਂਕਿ ਜਦੋਂ 'ਆਦਿ ਅਵਸਥਾ' ਵੇਲੇ ਕੋਈ ਦੂਜੀ ਹਸਤੀ ਹੈ ਹੀ ਨਹੀਂ ਸੀ ਤਾਂ ਪ੍ਰਭੂ ਦੀ ਲਗੀ ਹੋਈ ਤਾੜੀ


www.AKJ.Org

(ਸਮਾਧੀ) ਨੂੰ ਕਿਸ ਨੇ ਵੇਖਿਆ ? ਜੇ ਕਿਸੇ ਨੇ ਨਹੀਂ ਵੇਖਿਆ ਤਾਂ ਗੁਰੂ ਸਾਹਿਬ ਨੇ ਏਦਾਂ ਦੇ ਵਿਚਾਰ ਕਿਵੇਂ ਵਿਅਕਤ ਕੀਤੇ ? ਇਸ ਦਾ ਉਤਰ ਇਕੋ ਹੀ ਹੋ ਸਕਦਾ ਹੈ ਕਿ ਜਦੋਂ ਆਦਿ ਪੁਰਖ, ਕਰਤਾ ਪੁਰਖ ਦੇ ਰੂਪ ਵਿੱਚ ਪ੍ਰਗਟ ਹੋਏ, ਭਾਵ, ਨਿਰਗੁਣ ਤੋਂ ਸਰਗੁਣ ਰੂਪ ਵਿੱਚ ਆਏ ਤਾਂ 'ਸਾਧ ਰੂਪ ਅਪਨਾ ਤਨੁ ਧਾਰਿਆ' (੧੦੦੫) ਅਨੁਸਾਰ ਆਪਣੇ ਆਪ ਦਾ ਬੋਧ ਗੁਰੂ ਵਿਅਕਤੀ ਨੂੰ ਕਰਾਇਆ, ਜਿਸ ਨੂੰ ਉਸੇ ਰੂਪ ਵਿੱਚ ਸੰਸਾਰ ਦੇ ਸਾਹਮਣੇ ਰੱਖ ਦਿੱਤਾ ਗਿਆ, ਜਿਵੇਂ ਆਦਿ ਪੁਰਖ ਦਾ ਰੂਪ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਪੁਜੀ ਸਾਹਿਬ ਦੇ ਪ੍ਰਾਰੰਭ ਵਿੱਚ ਦਰਸਾਇਆ ਹੈ :-

੧ਓ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ਗੁਰਮਤਿ ਵਿੱਚ 'ਪਾਰਬ੍ਰਹਮ ਗੁਰ ਨਾਹੀ ਭੇਦ' (੧੧੪੨) ਦਾ ਸਿਧਾਂਤ ਮੌਜੂਦ ਹੈ, ਜਿਸ ਦੇ ਅਧਾਰ ਤੇ ਭੱਟਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਉਚਾਰਨ ਕੀਤਾ-

ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥ (ਪੰ: ੧੩੯੫)

ਫਿਰ ਗੁਰਸਿਖਾਂ ਨੂੰ ਇਹ ਆਦੇਸ਼ ਦਿੱਤਾ ਕਿ-

ਸਤਿਗੁਰ ਕੀ ਬਾਣੀ ਸਤਿ ਸਤਿ ਕਰਿ ਜਾਣਹੁ ਗੁਰਸਿਖਹੁ
ਹਰਿ ਕਰਤਾ ਆਪਿ ਮੁਹਹੁ ਕਢਾਏ ॥ (ਪੰ: ੩੦੮)

ਇਸ ਲਈ ਜੇ ਆਤਮ-ਰੰਗਾਂ ਵਿੱਚ ਰੰਗੀਜ ਕੇ 'ਆਦਿ ਪੁਰਖ' ਦੇ ਦਰਸ਼ਨ ਕਰੀਏ ਤਾਂ ਉਸ ਦੀ ਵਿਆਪਕਤਾ ਵਿਸਮਾਦ ਭਰਪੂਰ ਹੈ। ਤਾਹੀਓਂ ਗੁਰੂ ਬਾਬਾ ਜੀ ਨੇ 'ਵਾਰ ਆਸਾ' ਵਿੱਚ 'ਵਿਸਮਾਦੁ ਨਾਦ ਵਿਸਮਾਦੁ ਵੇਦ' ਤੋਂ ਆਰੰਭ ਕਰ ਕੇ 'ਵੇਖਿ ਵਿਡਾਣੁ ਰਹਿਆ ਵਿਸਮਾਦੁ' ਤੇ ਮੁਹਰ ਲਾ ਦਿੱਤੀ। ਸੋ 'ਆਦਿ' ਦੇ ਦਰਸ਼ਨ "ਵਿਸਮਾਦੁ ! ਵਿਸਮਾਦੁ !! ਵਿਸਮਾਦੁ !!! ਵਿਸਮਾਦੁ !!!! ਵਾਹਿਗੁਰੂ ! ਵਾਹਿਗੁਰੂ !! ਵਾਹਿਗੁਰੂ !!! ਵਾਹਿਗੁਰੂ !!!! ਹੀ ਹਨ। ਜੇ ਆਦਿ ਦੇ ਅਨਾਦੀ ਵਿਸਮਾਦ ਵਿੱਚ ਸਮਾਈਏ ਤਾਂ ਆਦਿ ਤੇ ਅੰਤੁ ਆਖਣ ਵਾਲੀ ਗੱਲ ਵੀ ਅਪੂਰਨ ਹੀ ਜਾਪਦੀ ਹੈ। ਇਸ ਲਈ ਗੁਰੂ ਬਾਬਾ ਜੀ ਦੇ ਸ਼ਬਦਾਂ ਵਿੱਚ ਇਉਂ ਆਖਣਾ ਹੀ ਸ਼ੋਭਦਾ ਹੈ-

(੧) ਆਦੇਸੁ ਤਿਸੈ ਆਦੇਸੁ ॥ ਆਦਿ ਅਨੀਲੁ ਅਨਾਦਿ ਅਨਾਹਤਿ,ਜੁਗੁ ਜੁਗੁ ਏਕੋ ਵੇਸੁ ॥੨੮॥ (ਜਪੁਜੀ)

(੨) ਆਦੇਸੁ ਬਾਬਾ ਆਦੇਸੁ ॥
ਆਦਿ ਪੁਰਖ ! ਤੇਰਾ ਅੰਤੁ ਨ ਪਾਇਆ, ਕਰਿ ਕਰਿ ਦੇਖਹਿ ਵੇਸ ॥੧॥ਰਹਾਉ॥ (ਪੰ: ੪੧੭)

ਗੁਰਮਤਿ ਦੇ ਮਹਾਨ ਵਿਆਖਿਆਕਾਰ ਭਾਈ ਗੁਰਦਾਸ ਜੀ ਨੇ ਵੀ ਉਪ੍ਰੋਕਤ ਸਿਧਾਂਤ ਹੀ ਨਿਰੂਪਣ ਕੀਤਾ ਹੈ:-

ਓਅੰਕਾਰਿ ਅਕਾਰੁ ਕਰਿ ਥਿਤਿ ਵਾਰੁ ਨ ਮਾਹੁ ਜਣਾਇਆ ॥
ਨਿਰੰਕਾਰ ਆਕਾਰੁ ਵਿਣੁ, ਏਕੰਕਾਰ ਨ ਅਲਖੁ ਲਖਾਇਆ ॥
ਆਪੇ ਆਪਿ ਉਪਾਇਕੈ, ਆਪੇ ਆਪਣਾ ਨਾਉ ਧਰਾਇਆ ॥
ਆਦਿ ਪੁਰਖੁ ਆਦੇਸੁ ਹੈ, ਹੈ ਭੀ ਹੋਸੀ ਹੋਂਦਾ ਆਇਆ ॥
ਆਦਿ ਨ ਅੰਤੁ ਬਿਅੰਤੁ ਹੈ, ਆਪੇ ਆਪਿ ਨ ਆਪੁ ਗਣਾਇਆ ॥
ਆਪੇ ਆਪਿ ਉਪਾਇ ਸਮਾਇਆ ॥ (ਵਾਰ ੧੮/੭

ਅੰਤ ਇਹੋ ਹੀ ਆਖਣਾ ਪੈਂਦਾ ਹੈ :-

ਜਾਨੀ ਨ ਜਾਈ ਤਾ ਕੀ ਗਤਿ ॥੧॥ਰਹਾਉ॥
ਕਹ ਪੇਖਾਰਉ ਹਉ ਕਰਿ ਚਤੁਰਾਈ, ਬਿਸਮਨ ਬਿਸਮੇ ਕਹਨ ਕਹਾਤਿ ॥੧॥
ਗਣ ਗੰਧਰਬ ਸਿਧ ਅਰੁ ਸਾਧਿਕ ॥ ਸੁਰਿ ਨਰ ਦੇਵ ਬ੍ਰਹਮ ਬ੍ਰਹਮਾਦਿਕ ॥
ਚਤੁਰ ਬੇਦ ਉਚਰਤ ਦਿਨੁ ਰਾਤਿ ॥ ਅਗਮ ਅਗਮ ਠਾਕੁਰੁ ਆਗਾਧਿ ॥
ਗੁਨ ਬੇਅੰਤ ਬੇਅੰਤ ਭਨੁ ਨਾਨਕ ॥ ਕਹਨੁ ਨ ਜਾਈ ਪਰੈ ਪਰਾਤਿ ॥ [ਦੇਵ ਗੰਧਾਰੀ ੫, ਪੰਨਾ ਪ੩੫

www.AKJ.Org

# ਸਿੱਖਾਂ ਪ੍ਰਤੀ ਹਿੰਦੂ-ਬ੍ਰਾਹਮਣ-ਵਿਰੋਧੀ ਰੋਲ

[ਸ: ਨਰੈਣ ਸਿੰਘ ਜੀ ਐਮ. ਏ., ਸਕੱਤਰ, ਗੁਰੂ ਨਾਨਕ ਦੇਵ ਮਿਸ਼ਨ, ਪਟਿਆਲਾ]

ਇਸ ਲੇਖ ਤੋਂ ਪਹਿਲਾਂ ਲੇਖਕ ਦੇ ਇਸੇ ਲੜੀ ਵਿਚ ਦੋ ਲੇਖ ਪਿਛਲੇ ਦੋ ਮਹੀਨਿਆਂ ਵਿਚ ਛਪ ਚੁਕੇ ਹਨ–

(੧) ਸਿਖਾਂ ਦੀ ਮਾਰਸ਼ਲ ਸਪਿਰਿਟ ਅਤੇ ਕੁਰਬਾਨੀ ਦਾ ਜਜ਼ਬਾ

(੨) ਕਾਂਗ੍ਰਸ ਅਤੇ ਉਸ ਦੇ ਨੇਤਾਵਾਂ ਵਲੋਂ ਵਾਹਿਦੇ

ਹੁਣ ਇਸੇ ਲੜੀ ਦਾ ਇਹ ਤੀਜਾ ਲੇਖ ਪਾਠਕਾਂ ਦੀ ਸੇਵਾ ਵਿਚ ਪੇਸ਼ ਕਰ ਰਹੇ ਹਾਂ। –ਸੰਪਾਦਕ

ਆਜ਼ਾਦੀ ਤੋਂ ਪਹਿਲੋਂ ਸਿਖਾਂ ਨੂੰ ਅੰਗਰੇਜ਼ ਸਰਕਾਰ ਵਲੋਂ ਚੋਣ ਗੁਣਾ ਦਿਤਾ ਗਿਆ ਸੀ ਕਿ ਉਹ ਭਾਰਤ ਅਤੇ ਪਾਕਿਸਤਾਨ ਵਿਚਾਲੇ ਸਿਖ ਸਟੇਟ ਕਾਇਮ ਕਰਾ ਲੈਣ। ਅਤੇ ਇਸ ਗੱਲ ਨੂੰ ਅਮਲੀ ਰੂਪ ਦੇਣ ਲਈ ਸ: ਬਲਦੇਵ ਸਿੰਘ, ਜੋ ਸਿਖਾਂ ਦੇ ਨੁਮਾਇੰਦੇ ਵਜੋਂ ਪੰਡਤ ਜਵਾਹਰ ਲਾਲ ਨਹਿਰੂ ਅਤੇ ਮੁਹੰਮਦ ਅਲੀ ਜਿਨਾਹ ਆਦਿਕ ਮੁਖੀਆਂ ਦੇ ਨਾਲ ਇੰਗਲੈਂਡ ਗਿਆ ਹੋਇਆ ਸੀ ਅਤੇ ਉਥੋਂ ਵਾਪਸ ਪਰਤਣ ਸਮੇਂ ਪੰ: ਨਹਿਰੂ ਨਾਲ ਜਹਾਜ਼ ਵਿਚ ਬੈਠਣ ਲਈ ਤਿਆਰ.ਸੀ, ਨੂੰ ਸੈਕਟਰੀ ਆਫ਼ ਸਟੇਟ ਨੇ ਸਿਖਾਂ ਦੀ ਵਖਰੀ ਸਟੇਟ ਬਣਾ ਦੇਣ ਦੀ ਗੱਲ ਕਰਨ ਵਾਸਤੇ ਰੁਕ ਜਾਣ ਲਈ ਕਿਹਾ। ਸੈਕਟਰੀ ਆਫ਼ ਸਟੇਟ ਦੇ ਸ਼ਬਦ ਸਨ :

"ਅਗਰ ਉਹ ਠਹਿਰ ਜਾਵੇ ਤਾਂ ਐਸੇ ਪ੍ਰਬੰਧ ਕੀਤੇ ਜਾ ਸਕਣਗੇ ਜਿਹੜੇ ਸਿਖਾਂ ਨੂੰ ਇਸ ਯੋਗ ਬਣਾ ਦੇਣ ਕਿ ਉਹ ਭੀ ਆਪਣੇ ਪੈਰਾਂ ਤੇ ਖੜੇ ਹੋ ਕੇ ਦੁਨੀਆ ਦੇ ਇਤਿਹਾਸ ਵਿਚ ਆਜ਼ਾਦਾਨਾ ਵਿਚਰ ਸਕਣ।"

ਇਹ ਗੱਲ ਬਲਦੇਵ ਸਿੰਘ ਨੇ ਪੰਡਤ ਨਹਿਰੂ ਨੂੰ ਦੱਸ ਦਿੱਤੀ ਅਤੇ ਪੰਡਤ ਦੇ ਵਰਗਲਾਉਣ ਤੇ ਉਸ ਨੇ ਰੁਕਣ ਤੋਂ ਇਹ ਕਹਿ ਕੇ ਨਾਂਹ ਕਰ ਦਿਤੀ ਕਿ ਅਸੀਂ ਆਪਣਾ ਨਿਪਟਾਰਾ ਕਾਂਗ੍ਰਸ ਨਾਲ ਆਪੇ ਕਰ ਲਵਾਂਗੇ।

ਮੁਸਲਮ ਲੀਗ ਭੀ ਸਹਿਮਤ ਸੀ ਅਤੇ ਉਨ੍ਹਾਂ ਇਹ ਵੀ ਚਾਹਿਆ ਸੀ ਕਿ ਜੇ ਸਿਖ ਵਖਰੀ ਸਟੇਟ ਨ ਬਣਾਉਣਾ ਚਾਹੁਣ ਤਾਂ ਪਾਕਿਸਤਾਨ ਨਾਲ ਮਿਲ ਜਾਣ ਅਤੇ ਪਾਕਿਸਤਾਨ ਸਰਕਾਰ ਸਿਖਾਂ ਨੂੰ ਪਾਕਿਸਤਾਨ ਅੰਦਰ **autonomous** (ਸਵੈ-ਨਿਰਭਰ) ਸਟੇਟ ਬਣਾ ਦੇਵੇਗੀ।

ਇਸ ਮਾਮਲੇ ਵਿਚ ਸ: ਬਲਦੇਵ ਸਿੰਘ ਦੇ ਗਏ-ਗੁਜ਼ਰੇ ਰੋਲ ਦੇ ਪ੍ਰਭਾਵ ਅਧੀਨ ਹੀ ਲੋਨਰਡ ਮੋਸਲੇ ਆਪਣੀ ਪੁਸਤਕ ਦੇ ਸਫ਼ਾ ੧੪੬-੪੭ ਤੇ ਸਿਖਾਂ ਬਾਰੇ ਅਜਿਹੇ ਸ਼ਬਦ ਲਿਖਣ ਲਈ ਮਜਬੂਰ ਹੋਇਆ ਜਾਪਦਾ ਹੈ, **"Is there any such thing as a far-seeing Sikh ?"** "ਕੀ ਕੋਈ ਐਸੀ ਗੱਲ ਹੈ ਕਿ ਕੋਈ ਦੂਰ-ਅੰਦੇਸ਼ ਸਿਖ ਭੀ ਹੋਵੇਗਾ ?" ਕਿੰਨਾ ਵਡਾ ਧੱਬਾ ਹਨ, ਇਹ ਸ਼ਬਦ ਸਿਖ-ਸੋਚਣੀ ਤੇ ! ਪਰ ਕਾਸ਼ ਕਿ ਅਸੀਂ ਇਸ ਤੋਂ ਹੀ ਕੁਝ ਸਿਖਿਆ ਹੁੰਦਾ।

ਪ੍ਰੰਤੂ ਕਾਂਗ੍ਰਸ ਅਤੇ ਕਾਂਗ੍ਰਸੀ ਨੇਤਾਵਾਂ ਵਲੋਂ ਦਿਤੇ ਭਰੋਸਿਆਂ ਕਾਰਨ ਸਿਖ ਮੁਖੀਆਂ ਨੇ ਕਾਂਗ੍ਰਸ ਨਾਲ ਹੀ ਮਿਲਣ ਅਤੇ ਭਾਰਤ ਅੰਦਰ ਰਹਿਣ ਦਾ ਫ਼ੈਸਲਾ ਕੀਤਾ ਅਤੇ ਇਉਂ ਪੂਰਬੀ ਪੰਜਾਬ, ਜਿਸ ਅੰਦਰ ਸਿਖ ਵਧੇਰੇ ਕਰਕੇ ਵਸਦੇ ਸਨ, ਭਾਰਤ ਨਾਲ ਸ਼ਾਮਲ ਕੀਤਾ ਗਿਆ। ਦੇਸ਼-ਵੰਡ ਦੇ ਵਿਚਾਰ ਵਟਾਂਦਰੇ ਅੰਦਰ ਮੁਸਲਮਾਨ ਤੇ ਸਿਖ ਮੁਖੀਆਂ ਦੀ ਆਪੋ ਵਿਚ ਦੀ ਇਕ ਮਿਲਣੀ ਸਮੇਂ, ਜਦੋਂ ਸਿਖ ਲੀਡਰਾਂ ਨੇ ਆਪਣਾ ਇਲਾਕਾ ਭਾਰਤ ਅੰਦਰ ਮਿਲਾਏ ਜਾਣ ਲਈ ਸਹਿਮਤੀ ਪ੍ਰਗਟ ਕਰ ਦਿਤੀ ਸੀ ਤਾਂ ਮੁਸਲਮ ਲੀਡਰ ਮੁਹੰਮਦ ਅਲੀ ਜਿਨਾਹ ਨੇ ਕੁਝ ਅਜਿਹੇ ਸ਼ਬਦ ਸਿਖਾਂ ਨੂੰ ਕਹੇ ਸਨ :

"ਤੁਸਾਂ ਹਿੰਦੂ ਨੂੰ ਤੁਹਾਡੇ ਜਿਹਾ ਗ਼ੁਲਾਮ ਹੋਣ ਦੀ ਦਸ਼ਾ ਵਿਚ ਵੇਖਿਆ ਹੈ, ਪਰ ਹੁਣ ਜਦੋਂ ਹਿੰਦੂ ਮਾਲਕ (ਹਾਕਮ) ਹੋਵੇਗਾ ਅਤੇ ਤੁਸੀਂ ਉਸ ਦੇ ਗ਼ੁਲਾਮ, ਤਾਂ ਤੁਹਾਨੂੰ ਹਿੰਦੂ ਦੀ ਖ਼ਸਲਤ ਦਾ ਠੀਕ ਪਤਾ ਲਗੇਗਾ।"

ਜਿਨਾਹ ਦੇ ਉਕਤ ਸ਼ਬਦਾਂ ਦੀ ਘੋਖ ਲਈ ਜ਼ਰੂਰੀ ਹੈ ਕਿ ਇਤਿਹਾਸ ਦੇ ਕੁਝ ਪਿਛਲੇ ਪੰਨੇ ਫਰੋਲੇ ਜਾਣ। ਇਸ ਦੇ ਲਈ ਅਸੀਂ ਸੋਲ੍ਹਵੀਂ ਸਦੀ ਈਸਵੀ ਦੇ ਅਰੰਭ ਤੋਂ ਹੀ ਫੋਲਾ ਫਾਲੀ ਕਰਨ ਦੀ ਲੋੜ ਸਮਝਦੇ ਹਾਂ, ਕਿਉਂਕਿ



www.AKJ.Org

ਇਹੋ ਸਮਾਂ ਸੀ ਜਦੋਂ ਸਿਖ-ਵਿਚਾਰ-ਧਾਰਾ ਨੇ ਸਮੇਂ ਦੀਆਂ ਪਰਚੱਲਤ ਮਨੌਤਾਂ ਉਪਰ ਨਵੀਂ ਛਾਪ ਲਾਉਣੀ ਅਰੰਭੀ ਸੀ। ਦੇਸ਼ ਅੰਦਰ ਪਠਾਣ ਅਤੇ ਛੇਤੀ ਪਿਛੋਂ ਮੁਗਲ ਮੁਸਲਮਾਨੀ ਹਕੂਮਤ ਦਾ ਇਹ ਕਾਲ ਸੀ ਅਤੇ ਹਿੰਦੂ ਇਨ੍ਹਾਂ ਦਾ ਮਹਿਕੂਮ (ਰਿਆਇਆ) ਸੀ। ਰਿਆਇਆ ਭੀ ਐਸੀ, ਜਿਸ ਦੀ ਤਸਵੀਰ ਗੁਰੂ ਨਾਨਕ ਦੇਵ ਜੀ ਨੇ ਇਕ ਸਤਰ ਵਿਚ ਇਉਂ ਖਿਚੀ ਹੈ :

"ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥"

ਇਸ ਸਾਹਸ-ਹੀਣ 'ਮੁਰਦਾਰ' ਹੋ ਚੁਕੀ ਹਿੰਦੂ ਰੱਯਤ, ਜੋ ਹਰ ਛੋਟੇ ਤੋਂ ਵਡੇ ਤਕ, ਮੁਸਲਮਾਨ ਹਾਕਮਾਂ ਦਾ ਹੀ ਪਾਣੀ ਭਰਦੀ ਸੀ, ਵਿਚ ਇਕ ਅਜਿਹੀ ਸ਼੍ਰੇਣੀ ਵੀ ਸੀ, ਜੋ ਜੁਗ-ਜੁਗਾਂਤਰਾਂ ਤੋਂ ਬਣੀ ਆਪਣੀ ਜਾਤ ਵਡਿਆਈ (ਬ੍ਰਾਹਮਣ ਹੋਣ) ਕਾਰਨ ਹੋਰ ਸਾਰੀਆਂ ਹਿੰਦੂ ਜਾਤੀਆਂ ਨੂੰ ਆਪਣੇ ਦਬਾਅ ਹੇਠ ਰਖਦੀ ਸੀ, ਪਰ ਮੁਸਲਮਾਨ ਹਾਕਮਾਂ ਦੀਆਂ ਉਹ ਵੀ ਚਿਲਮਾਂ ਭਰਦੀ ਸੀ। ਇਨ੍ਹਾਂ ਦਾ ਹੀ ਨਕਸ਼ਾ ਗੁਰੂ ਨਾਨਕ ਜੀ ਨੇ ਇਹ ਕਹਿ ਕੇ ਚਿਤਰਿਆ ਹੈ :

ਮਥੈ ਟਿਕਾ ਤੇੜਿ ਧੋਤੀ ਕਖਾਈ ॥ ਹਥਿ ਛੁਰੀ ਜਗਤ ਕਾਸਾਈ ॥
ਨੀਲ ਵਸਤ੍ਰ ਪਹਿਰਿ ਹੋਵਹਿ ਪਰਵਾਣੁ ॥ ਮਲੇਛ ਧਾਨੁ ਲੇ ਪੂਜਹਿ ਪੁਰਾਣੁ ॥੨॥੧੬॥

(ਆਸਾ ਦੀ ਵਾਰ)

ਗੁਰੂ ਨਾਨਕ ਦੇਵ, ਜਾਤ ਵਰਣ ਕਾਰਨ ਪਏ ਊਚ ਨੀਚ ਦੇ ਵਿਤਕਰੇ ਖ਼ਤਮ ਕਰ ਕੇ ਨੀਚ ਤੋਂ ਨੀਚ ਜਾਣੇ ਜਾਂਦੇ ਮਨੁਖਾਂ ਨੂੰ ਉੱਚਿਆਂ ਦੇ ਸਮਾਨ ਬੈਠੇ ਵੇਖਣਾ ਚਾਹੁੰਦੇ ਸਨ। ਬ੍ਰਾਹਮਣ ਜਾਤੀ, ਜਿਨ੍ਹਾਂ ਦੀ ਬਣ ਚੁੱਕੀ ਸਮਾਜਕ ਤੇ ਆਰਥਕ ਦਸ਼ਾ ਦਾ ਸਹਾਰਾ ਹੀ ਇਹੋ ਜਾਤ ਵਰਣ ਦੇ ਵਿਤਕਰੇ ਸਨ, ਉਹ ਗੁਰੂ ਨਾਨਕ ਦੇ ਘਰ ਦੀ ਅਜਿਹੀ ਤਾਲੀਮ ਨੂੰ ਕਿਵੇਂ ਬਰਦਾਸ਼ਤ ਕਰ ਸਕਦੇ ਸਨ ? ਉਨ੍ਹਾਂ ਲਈ ਸਾਰੀਆਂ ਜਾਤੀਆਂ, ਬਲਕਿ ਹਿੰਦੂ ਮੁਸਲਮਾਨ ਦਾ ਸਮਾਨ ਬੈਠਣਾ ਅਤੇ ਇਕੱਠੇ ਬੈਠ ਕੇ ਖਾਣਾ (ਸੰਗਤ ਤੇ ਪੰਗਤ ਦੇ ਅਦਾਰੇ) ਕਾਬਲੇ ਬਰਦਾਸ਼ਤ ਨਹੀਂ ਸਨ। ਉਹ ਇਸ ਨੂੰ ਜੁਗ-ਜੁਗਾਂਤਰਾਂ ਤੋਂ ਚਲਦੀ ਆ ਰਹੀ ਸ਼ਾਸਤਰ-ਮਰਯਾਦਾ ਅਤੇ ਰਹੁ-ਰੀਤ ਦੇ ਉਲਟ ਸਮਝਦੇ ਅਤੇ ਇਸ ਨੂੰ ਘੋਰ ਅਪਰਾਧ ਮੰਨਦੇ ਸਨ। ਜਦੋਂ ਇਨ੍ਹਾਂ ਡਿਠਾ ਕਿ ਸੰਗਤ ਤੇ ਪੰਗਤ ਦੇ ਅਦਾਰੇ ਦਿਨੋ ਦਿਨ ਜ਼ੋਰ ਫੜਦੇ ਗਏ ਸਨ ਅਤੇ ਬੀਤੇ ਸੌ ਕੁ ਸਾਲ ਅੰਦਰ ਉਹ ਲੋਕ, ਜਿਨ੍ਹਾਂ ਦੀਆਂ ਭੇਟਾਵਾਂ ਤੇ ਇਹ ਪਲਦੇ ਆਏ ਸਨ ਅਤੇ ਜੋ ਹੋਰ ਹਰ ਤਰ੍ਹਾਂ ਇਨ੍ਹਾਂ ਦਾ ਪਾਣੀ ਭਰਦੇ ਸਨ, ਇਨ੍ਹਾਂ ਵਲ ਕੰਡ ਕਰਦੇ ਜਾ ਰਹੇ ਸਨ ਤਾਂ ਇਨ੍ਹਾਂ ਸਮੇਂ ਦੀ ਹਕੂਮਤ ਦੀ ਓਟ ਤਕਾਈ ਅਤੇ ਦਿਲੀ ਬਾਦਸ਼ਾਹ ਅਕਬਰ ਦੇ ਦਰਬਾਰ ਅੰਦਰ ਪੁਕਾਰ ਜਾ ਕੀਤੀ। ਇਹ ਗੁਰੂ ਅਮਰਦਾਸ ਜੀ ਦਾ ਸਮਾਂ ਸੀ। ਤਲਬੀ ਹੋਣ ਤੇ ਆਪ ਨੇ ਭਾਈ ਜੇਠਾ ਜੀ ਨੂੰ, ਗੁਰੂ ਘਰ ਦਾ ਨੁਕਤਾ-ਨਿਗਾਹ ਪੇਸ਼ ਕਰਨ ਲਾਹੌਰ ਭੇਜ ਦਿਤਾ (ਕਿਉਂਕਿ ਬਾਦਸ਼ਾਹ ਲਾਹੌਰ ਆਇਆ ਹੋਇਆ ਸੀ), ਜਿਨ੍ਹਾਂ ਨੇ ਬਾਦਸ਼ਾਹ ਦੀ ਹਰ ਪੱਖ ਤੋਂ ਤਸੱਲੀ ਕਰਾ ਦਿਤੀ, ਬਲਕਿ ਅਕਬਰ ਇਤਨਾ ਪ੍ਰਭਾਵਤ ਹੋਇਆ ਕਿ ਲਾਹੌਰ ਤੋਂ ਚਲ ਕੇ ਖ਼ੁਦ ਗੋਇੰਦਵਾਲ ਪੁਜਾ ਅਤੇ ਜੋ ਕੁਝ ਭਾਈ ਜੇਠਾ ਜੀ ਨੇ ਗੁਰੂ ਘਰ ਦੀ ਵਡਿਆਈ ਵਿਚ ਬਾਦਸ਼ਾਹ ਨੂੰ ਦਸਿਆ ਸੀ, ਉਸ ਦੀ ਨਿਜੀ ਤੌਰ ਤੇ ਤਸਦੀਕ ਕਰ ਲਈ ਅਤੇ ਬ੍ਰਾਹਮਣਾਂ ਦਾ ਦਾਹਵਾ ਖ਼ਾਰਜ ਕਰ ਦਿਤਾ।

ਏਥੋਂ ਅਰੰਭ ਹੁੰਦੀ ਹੈ ਸਿਖ ਧਰਮ ਦੇ ਵਿਰੋਧ ਦੀ ਨੀਤੀ, ਜੋ ਚਾਰ ਸੌ ਸਾਲ ਤੋਂ ਬ੍ਰਾਹਮਣ ਸ਼੍ਰੇਣੀ ਅਤੇ ਇਸ ਤੋਂ ਪ੍ਰਭਾਵਤ ਸਮੁੱਚੀ ਹਿੰਦੂ ਜਾਤੀ ਵਲੋਂ ਸਿਖਾਂ ਵਲ ਵਰਤੀ ਜਾਂਦੀ ਰਹੀ ਹੈ। ਭਾਵੇਂ ਸਿਖ ਗੁਰੂ ਸਾਹਿਬਾਨ ਅਤੇ ਉਨ੍ਹਾਂ ਤੋਂ ਪਿਛੋਂ ਪੰਥ ਖਾਲਸਾ ਵਲੋਂ ਸਰਬ ਸਾਂਝੀਵਾਲਤਾ ਅਤੇ ਸਰਬੱਤ ਦੇ ਭਲੇ ਦੀ ਨੀਤੀ ਨੂੰ ਕਦੀ ਭੀ ਹਥੋਂ ਜਾਣ ਨਹੀਂ ਦਿਤਾ ਗਿਆ, ਇਤਿਹਾਸ ਦੇ ਜਾਣਕਾਰਾਂ ਨੂੰ ਇਸ ਦੀ ਕੋਈ ਭੁੱਲ ਨਹੀਂ। ਨਮੂਨੇ ਮਾਤਰ ਇਨ੍ਹਾਂ ਦੇ ਸਿਖ ਧਰਮ ਵਲ ਅਤੇ ਸਿਖਾਂ ਦੇ ਇਨ੍ਹਾਂ ਵਲ ਵਰਤਾਉ ਦੇ ਕੁਝ ਕੁ ਇਤਿਹਾਸਕ ਹਵਾਲੇ ਦੇਣੇ ਕੁਥਾਏਂ ਨਹੀਂ ਹੋਣਗੇ :

(ੳ) ਗੋਇੰਦੇ ਖਤਰੀ, ਜਿਸ ਦੀ ਪ੍ਰੇਰਨਾ ਤੇ ਗੁਰੂ ਅਮਰਦਾਸ ਜੀ ਨੇ ਗੋਇੰਦੇ ਦੀ ਮਾਲਕੀ ਧਰਤੀ ਤੇ ਗੋਇੰਦਵਾਲ ਵਸਾਇਆ ਸੀ, ਦੇ ਪੁਤਰਾਂ ਪਾਸੋਂ ਲਾਹੌਰ ਦੇ ਹਾਕਮ ਜਾਫ਼ਰ ਬੇਗ ਪਾਸ ਗੁਰੂ ਜੀ ਤੇ ਦਾਹਵਾ ਕਰਵਾਇਆ ਗਿਆ ਕਿ ਗੁਰੂ ਜੀ ਨੇ ਉਨ੍ਹਾਂ ਦੀ ਧਰਤੀ ਧਕੇ ਨਾਲ ਕਬਜ਼ੇ ਕਰ ਰਖੀ ਹੈ, ਉਹ ਵੀ ਖ਼ਾਰਜ ਹੋ ਗਿਆ ਸੀ।



www.AKJ.Org

(ਅ) ਭਾਵੇਂ ਨਕਸ਼ਬੰਦੀ ਸ਼ੇਖ਼ ਅਹਿਮਦ ਸਰਹਿੰਦੀ ਦੀ ਚੁੱਕ ਤੇ ਬਾਦਸ਼ਾਹ ਜਹਾਂਗੀਰ ਗੁਰੂ ਅਰਜਨ ਦੇਵ ਜੀ ਨੂੰ ਇਸਲਾਮ ਦੀ ਤਬਲੀਗ (ਪ੍ਰਚਾਰ) ਲਈ ਹਾਨੀਕਾਰਕ ਸਮਝਣ ਲਗ ਗਿਆ ਸੀ, ਪਰ ਗੁਰੂ ਜੀ ਦੀ ਜ਼ਾਤ ਦੇ ਉਲਟ ਚੰਦੂ ਸੁਆਹੀ ਦਾ ਰੋਲ, ਅਤੇ ਭੜਕਾਹਟ ਜੋ ਉਸ ਵਲੋਂ ਸ੍ਰੀ ਆਦਿ ਗ੍ਰੰਥ ਸਾਹਿਬ ਜੀ ਅਤੇ ਗੁਰੂ ਜੀ ਦੇ ਗੁਰਮਤਿ ਪ੍ਰਚਾਰ ਦੇ ਹੋਰ ਸਾਧਨਾਂ ਬਾਰੇ ਦਿਤੀ ਗਈ, ਦਾ ਕੋਈ ਘਟ ਅਸਰ ਨਹੀਂ ਸੀ। ਗੁਰੂ ਜੀ ਦੇ ਉਲਟ ਲੂਤੀਆਂ ਲਾਉਣ ਦਾ ਮੁਖ ਰੋਲ ਚੰਦੂ ਦਾ ਹੀ ਸੀ।

(ੲ) ਪਹਿਲੀ ਲੜਾਈ ਜੋ ਗੁਰੂਗੋਬਿੰਦ ਸਿੰਘ ਸਾਹਿਬ ਜੀ ਨੂੰ ਲੜਨੀ ਪਈ ਉਹ ਭੰਗਾਣੀ ਦੇ ਮੁਕਾਮ ਤੇ ਹਿੰਦੂ ਰਾਜੇ ਭੀਮ ਚੰਦ ਅਤੇ ਉਸ ਦੇ ਸਾਥੀ ਦੂਜੇ ਹਿੰਦੂ ਰਾਜਿਆਂ ਵਲੋਂ ਗੁਰੂ ਜੀ ਤੇ ਅਕਾਰਨ ਹਮਲਾ ਕਰਨ ਤੇ ਹੋਈ, ਜਿਸ ਵਿਚ ਮੁਸਲਮਾਨ ਪੀਰ ਬੁਧੂ ਸ਼ਾਹ ਆਪਣੇ ਸਤ ਸੌ ਮੁਰੀਦਾਂ ਸਮੇਤ ਗੁਰੂ ਜੀ ਦੀ ਮਦਦ ਨੂੰ ਆਇਆ ਸੀ।

(ਸ) ਗੁਰੂ ਗੋਬਿੰਦ ਸਿੰਘ ਜੀ ਦੇ ਅਨੰਦਪੁਰ ਸਾਹਿਬ ਰਹਿਣ ਦੇ ਕਾਲ ਸਮੇਂ ਕਰੀਬਨ ਇਕ ਦਰਜਨ ਲੜਾਈਆਂ, ਜੋ ਗੁਰੂ ਜੀ ਨੂੰ ਆਪਣੇ ਬਚਾਉ ਲਈ ਲੜਨੀਆਂ ਪਈਆਂ, ਸਾਰੀਆਂ ਹੀ ਪਹਾੜੀ ਹਿੰਦੂ ਰਾਜਿਆਂ ਜਾਂ ਉਨ੍ਹਾਂ ਦੀ ਚੁੱਕ ਤੇ ਆਈਆਂ ਮੁਗ਼ਲੀਆ ਫੌਜਾਂ ਨਾਲ ਲੜੀਆਂ ਗਈਆਂ ਸਨ।

(ਹ) ਅਨੰਦਪੁਰ ਸਾਹਿਬ ਦੀ ਆਖਰੀ ਲੜਾਈ ਸਮੇਂ ਆਟੇ ਦੀ ਗਊ ਬਣਾ ਕੇ ਭੇਜਣ ਅਤੇ ਗਊ ਦੀ ਸਹੁੰ ਖਾ ਕੇ ਗੁਰੂ ਜੀ ਤੋਂ ਕਿਲ੍ਹਾ ਛੁਡਵਾ ਕੇ ਵਿਸਾਹਘਾਤ ਕਰਨ ਵਾਲੇ ਹਿੰਦੂ ਪਹਾੜੀ ਰਾਜੇ ਹੀ ਸਨ।

(ਕ) ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਜੀ ਦੇ ਓਸ ਦੇ ਘਰ ਹੋਣ ਦੀ ਮੁਖ਼ਬਰੀ ਕਰਨ ਅਤੇ ਉਨ੍ਹਾਂ ਨੂੰ ਗ੍ਰਿਫ਼ਤਾਰ ਕਰਾਉਣ ਵਾਲਾ ਗੰਗੂ ਬ੍ਰਾਹਮਣ ਹੀ ਸੀ।

(ਖ) ਸੂਬਾ ਸਰਹੰਦ ਵਲੋਂ ਛੋਟੇ ਦੋ ਸਾਹਿਬਜ਼ਾਦਿਆਂ ਨੂੰ ਕੰਧਾਂ ਅੰਦਰ ਚਿਣਵਾ ਕੇ ਸ਼ਹੀਦ ਕਰਾਉਣ ਦਾ ਸਮਰਥਕ ਵੀ ਦੀਵਾਨ ਸੁਚਾ ਨੰਦ ਹਿੰਦੂ ਹੀ ਸੀ, ਜਦੋਂ ਕਿ ਇਸ ਦੇ ਉਲਟ ਆਵਾਜ਼ ਉਠਾਉਣ ਵਾਲਾ ਮਲੇਰਕੋਟਲੇ ਦਾ ਮੁਸਲਮਾਨ ਨਵਾਬ ਸੀ।

(ਗ) ਅਠਾਰ੍ਹਵੀਂ ਸਦੀ ਅੰਦਰ ਲਖਪਤ ਤੇ ਜਸਪਤ ਦੋਹਾਂ ਭਰਾਵਾਂ ਦਾ ਸਿਖ-ਵਿਰੋਧੀ ਰੋਲ ਸੂਰਜ ਵਤ ਰੌਸ਼ਨ ਹੈ।

ਇਹ ਹਨ ਕੁਝ ਕੁ ਵਾਕਿਆਤ, ਦੇਸ਼ ਅੰਦਰ ਮੁਸਲਮਾਨੀ ਹਕੂਮਤ ਸਮੇਂ ਸਿਖਾਂ ਪ੍ਰਤੀ ਹਿੰਦੂ ਵਰਤਾਉ ਦੇ; ਪ੍ਰੰਤੂ ਐਸਾ ਹੋਣ ਦੇ ਬਾਵਜੂਦ ਵੀ ਹਿੰਦੂ ਪ੍ਰਤੀ ਸਿਖ ਰਵਈਏ ਲਈ ਪੜ੍ਹੋ :

(ੳ) ਸ਼ਹੀਦੀ ਵਾਰਤਾ ਗੁਰੂ ਤੇਗ ਬਹਾਦਰ ਸਾਹਿਬ, ਜਿਸ ਬਾਰੇ ਅੰਕਤ ਹੈ :

ਤਿਲਕ ਜੰਞੂ ਰਾਖਾ ਪ੍ਰਭ ਤਾਕਾ, ਕੀਨੋ ਬਡੋ ਕਲੂ ਮਹਿ ਸਾਕਾ।

(ਅ) ਸਾਹਿਬ ਅਜੀਤ ਸਿੰਘ ਜੀ ਦਾ ਬ੍ਰਾਹਮਣ ਲੜਕੀ ਨੂੰ ਜ਼ਾਲਮਾਂ ਹਥੋਂ ਛੁਡਾਉਣਾ।

(ੲ) ਸ: ਜੱਸਾ ਸਿੰਘ ਦਾ ਹਜ਼ਾਰਾਂ ਮਰਹੱਟੇ ਤੇ ਜਾਟ ਲੜਕੇ ਲੜਕੀਆਂ ਦਾ ਅਬਦਾਲੀ ਹਥੋਂ ਛੁਡਾ ਕੇ ਉਨ੍ਹਾਂ ਦੇ ਘਰੋ ਘਰੀ ਪਹੁੰਚਾਉਣਾ।

(ਸ) ਬ੍ਰਾਹਮਣ ਲੜਕੀ ਦੇ ਬਚਾਉ ਲਈ ਅਕਾਲ ਤਖ਼ਤ ਸਾਹਿਬ ਤੇ ਸਰਬੱਤ ਖਾਲਸੇ ਦਾ ਗੁਰਮਤਾ, ਕਸੂਰ ਤੇ ਚੜ੍ਹਾਈ ਤੇ ਬ੍ਰਾਹਮਣ ਲੜਕੀ ਨੂੰ ਨਵਾਬ ਹਥੋਂ ਛੁਡਾਉਣਾ।

(ਹ) ਸਿਖ ਰਾਜ ਸਮੇਂ ਮਹਾਰਾਜਾ ਰਣਜੀਤ ਸਿੰਘ ਦੀ ਹਿੰਦੂਆਂ ਪ੍ਰਤੀ ਨੀਤੀ—

(੧) ਡੋਗਰੇ ਧਿਆਨ ਸਿੰਘ, ਪੰਡਤ ਦੀਨਾ ਨਾਥ, ਦੀਵਾਨ ਸਾਉਣ ਮਲ ਤੇ ਮੂਲ ਰਾਜ ਆਦਿ ਨੂੰ ਪ੍ਰਧਾਨ ਤੇ ਹੋਰ ਮੰਤਰੀਆਂ, ਗਵਰਨਰੀ ਅਤੇ ਫ਼ੌਜੀ ਉਚ ਪਦਵੀਆਂ ਤੇ ਨਿਯੁਕਤਣਾ।

(੨) ਹਿੰਦੂ ਮੰਦਰਾਂ ਲਈ ਸੋਨਾ ਅਤੇ ਹੋਰ ਅਨੇਕ ਪਦਾਰਥ ਭੇਟ ਕਰਨਾ। ਇਸ ਦੇ ਉਲਟ ਮਹਾਰਾਜਾ ਰਣਜੀਤ ਸਿੰਘ ਦੇ ਚਲਾਣਾ ਕਰ ਜਾਣ ਪਿਛੋਂ ਮਹਾਰਾਜੇ ਦੇ ਹਿੰਦੂ ਦਰਬਾਰੀ ਡੋਗਰਿਆਂ ਅਤੇ



www.AKJ.Org

ਯੂ. ਪੀ. ਦੇ ਭਈਆਂ ਰਾਜਾ ਤੇਜ ਸਿੰਘ ਤੇ ਲਾਲ ਸਿੰਘ ਆਦਿ ਦਾ ਸਿਖ ਰਾਜ ਦੇ ਖ਼ਾਤਮੇ ਲਈ ਅਦਾ ਕੀਤਾ ਰੋਲ ਕਿਸੇ ਤੋਂ ਭੁਲਿਆ ਹੋਇਆ ਨਹੀਂ।

ਹੁਣ ਲਓ ਅੰਗਰੇਜ਼ ਕਾਲ ਅਤੇ ਉਸ ਤੋਂ ਪਿਛੋਂ ਦੀ ਵਾਰਤਾ–

(੧) ਅੰਗਰੇਜ਼ ਦੇਸ਼ ਦੀਆਂ ਪਹਿਲੀਆਂ ਹਕੂਮਤਾਂ ਨਾਲੋਂ ਵਧੇਰੇ ਨੀਤੀਵਾਨ ਸੀ। ਉਸ ਨੇ ਮੁਸਲਮਾਨਾਂ ਵਾਂਗ ਆਪਣੇ ਧਰਮ (ਈਸਾਈਅਤ) ਨੂੰ ਸਟੇਟ ਰਿਲੀਜਨ (ਦੇਸ਼ ਦਾ ਧਰਮ) ਬਣਾਉਣ ਦਾ ਕੋਈ ਵਿਸ਼ੇਸ਼ ਜਤਨ ਨਹੀਂ ਕੀਤਾ, ਨ ਨੰਗੇ ਤੌਰ ਤੇ ਦੇਸ਼ ਦੇ ਕਿਸੇ ਧਰਮ ਦੀ ਵਿਰੋਧਤਾ ਕੀਤੀ। ਅਗਰ ਅਡੋ ਅਡ ਧਰਮਾਂ ਦੇ ਆਪਸ ਵਿਚਲੇ ਕਿਸੇ ਵਿਰੋਧ ਤੋਂ ਹਕੂਮਤ ਨੂੰ ਕੋਈ ਲਾਭ ਪੁਜਦਾ ਨਜ਼ਰ ਆਇਆ ਤਾਂ ਉਸ ਨੂੰ ਸ਼ਹਿ ਜ਼ਰੂਰ ਦਿਤੀ। ਜਿਵੇਂ ਕਿ ਮਿਰਜ਼ਾ ਕਾਦੀਆਂ ਦਾ ਆਪਣੇ ਆਪ ਨੂੰ ਨਬੀ ਜਤਾਉਂਦੇ ਹੋਇ ਮੁਸਲਮਾਨਾਂ ਅੰਦਰ ਮਿਰਜ਼ਈ ਸ਼ਰੇਣੀ ਦਾ ਉਭਰਨਾ ਅਤੇ ਬ੍ਰਹਮੋ ਸਮਾਜ, ਦੇਵ ਸਮਾਜ ਅਤੇ ਰਾਧਾ ਸੁਆਮੀ ਸੰਪਰਦਾਵਾਂ ਦੀ ਸਥਾਪਨਾ। ਪਰ ਇਨ੍ਹਾਂ ਸਾਰਿਆਂ ਤੋਂ ਵਡੇਰਾ ਰੋਲ, ਜਿਸ ਨੇ ਸਿਖ ਸਮਾਜ ਤੇ ਸਿਧੀ ਚੋਟ ਕੀਤੀ, ਸ੍ਵਾਮੀ ਦਯਾ ਨੰਦ ਦੇ ਵੇਦਕ ਧਰਮ ਦੇ ਪੁਨਰ ਨਿਰਮਾਣ ਦੇ ਨਾਮ ਹਠ ਚਾਲੂ ਕੀਤਾ ਆਰੀਆ ਸਮਾਜ ਦੇ ਸਥਾਪੇ ਜਾਣ ਦਾ ਸੀ. ਜਿਸ ਨੇ ਉਸ ਸਮੇਂ ਦੇ ਵਿਸ਼ਾਲ ਪੰਜਾਬ ਨੂੰ ਆਪਣਾ ਰਣ-ਖੇਤਰ ਇਸ ਲਈ ਬਣਾਇਆ ਕਿ ਪੰਜਾਬ ਸਿਖਾਂ ਦੀ ਜਨਮ ਭੂਮੀ ਸੀ, ਜਿਸ ਨੇ ਆਪਣੀ ਮਾਤ ਭਾਸ਼ਾ ਪੰਜਾਬੀ ਨੂੰ ਸਿਖੀ ਪ੍ਰਚਾਰ ਦਾ ਮਾਧਿਅਮ ਬਣਾ ਕੇ ਵੇਦ ਬਾਣੀ, ਜੋ ਸੰਸਕ੍ਰਿਤ ਵਿਚ ਸੀ, ਵਲੋਂ ਪੰਜਾਬ-ਵਾਸੀਆਂ ਦਾ ਮੂੰਹ ਮੋੜਿਆ ਸੀ ਅਤੇ ਜਿਨ੍ਹਾਂ ਨੇ ਜਪੁਜੀ ਅਤੇ ਸੁਖਮਨੀ ਜੈਸੀਆਂ ਨਿਜ ਭਾਸ਼ਾ ਦੀਆਂ ਸੁਖੈਨ ਬਾਣੀਆਂ ਦੇ ਲੜ ਲਗ ਕੇ "ਗੀਤਾ" ਅਤੇ ਹੋਰ ਵੇਦ ਮੰਤਰਾਂ ਨੂੰ ਤਿਆਗ ਦਿਤਾ ਸੀ। ਆਪਣੇ ਆਸ਼ੇ ਦੀ ਪੂਰਤੀ ਲਈ ਇਨ੍ਹਾਂ ਰਾਵਲਪਿੰਡੀ ਵਿਚ ਹੋਈ ਆਰੀਆ ਸਮਾਜ ਦੀ ਇਕ ਇਕੱਤਰਤਾ ਸਮੇਂ ਇਹ ਨਿਰਣਾ ਲਿਆ ਸੀ, 'ਕਿਸੇ ਵੀ ਧਰਮ ਦੇ ਪਰਸਾਰ ਵਿਚ ਇਸਤ੍ਰੀ ਜਾਤ ਦਾ ਸਭ ਤੋਂ ਮਹਾਨ ਰੋਲ ਹੋਇਆ ਕਰਦਾ ਹੈ ਅਤੇ ਜੇ ਅਸੀਂ ਸਹੀ ਤੌਰ ਤੇ ਵੇਦਕ ਧਰਮ ਦਾ ਪੁਨਰ ਨਿਰਮਾਣ ਕਰਨਾ ਚਾਹੁੰਦੇ ਹਾਂ ਤਾਂ ਜ਼ਰੂਰੀ ਹੈ ਕਿ ਸਾਡੀਆਂ ਇਸਤ੍ਰੀਆਂ ਜਪੁਜੀ ਤੇ ਸੁਖਮਨੀ ਪੜ੍ਹਨਾ ਛੱਡਣ, ਜੋ ਤਦੋਂ ਤਕ ਸੰਭਵ ਨਹੀਂ ਜਦ ਤਕ ਗੁਰਮੁਖੀ ਸਾਡੇ ਘਰਾਂ ਵਿਚੋਂ ਨਹੀਂ ਨਿਕਲਦੀ। ਸੋ ਸਭ ਤੋਂ ਪਹਿਲੀ ਗੱਲ ਗੁਰਮੁਖੀ ਦਾ ਤਿਆਗਣਾ ਹੈ ਤਾਂ ਹੀ ਅਸੀਂ ਵੇਦਕ ਧਰਮ ਬਾਰੇ ਕੋਈ ਅਗਲਾ ਕਦਮ ਪੁਟ ਸਕਾਂਗੇ।"

ਇਹ ਸੀ ਆਰੀਆ ਸਮਾਜ ਦਾ ਪਹਿਲਾ ਨਿਰਣਾ, ਜਿਸ ਨੇ ਇਨ੍ਹਾਂ ਨੂੰ ਸਿਖਾਂ ਤੋਂ ਦੂਰ ਕੀਤਾ ਅਤੇ ਹਿੰਦੂ ਸਿਖ ਦੇ ਸਦੀਵੀ ਮਤ-ਭੇਦ ਦਾ ਬੀਜ ਬੀਜਿਆ, ਜਿਸ ਦਾ ਸਿੱਟਾ ਹੀ ਉਹ ਸਾਰਾ ਕੁਛ ਹੈ ਜੋ ਅਸੀਂ ਵੇਖ ਚੁਕੇ ਹਾਂ ਅਤੇ ਅਗੋਂ ਵੇਖਾਂਗੇ।

ਹਿੰਦੁਸਤਾਨ ਦੀ ਅੰਗਰੇਜ਼ ਸਰਕਾਰ ਦੀ ਸੀ.ਆਈ.ਡੀ. ਦਾ ਸਹਾਇਕ ਡਾਇਰੈਕਟਰ ਮਿਸਟਰ ਡੀ. ਪੈਟਰੀ ੧੯੦੦ ਤੋਂ ੧੯੧੧ ਦੀ ਆਪਣੀ ਇਕ ਰੀਪੋਰਟ ਵਿਚ ੧੧ ਅਗਸਤ ੧੯੧੧ ਨੂੰ ਉਸ ਸਮੇਂ ਦੇ ਹਿੰਦੂ ਸਿਖ ਤਅਲਕਾਤ ਬਾਰੇ ਇਉਂ ਲਿਖਦਾ ਹੈ:

"ਹਿੰਦੂ ਮੱਤ ਸਿਖ ਮੱਤ ਬਾਰੇ ਹਮੇਸ਼ਾ ਵਿਰੋਧੀ ਰੋਲ ਅਦਾ ਕਰਦਾ ਰਿਹਾ ਹੈ, ਕਿਉਂਕਿ ਸਿਖ ਗੁਰੂ ਸਾਹਿਬਾਨ ਨੇ ਹਿੰਦੂਆਂ ਦੇ ਜਾਤ ਵਰਣ ਦੇ ਵਿਤਕਰਿਆਂ ਵਿਰੁਧ ਜ਼ਬਰਦਸਤ ਤੇ ਸਫਲ ਕਦਮ ਉਠਾਏ ਸਨ, ਜਦੋਂ ਕਿ ਬ੍ਰਾਹਮਣੀ ਵਿਚਾਰਧਾਰਾ ਦਾ ਸਾਰਾ ਢਾਂਚਾ ਹੀ ਇਨ੍ਹਾਂ ਵਿਤਕਰਿਆਂ ਤੇ ਉਸਰਦਾ ਸੀ। ਇਸੇ ਕਾਰਨ ਹਿੰਦੂ ਵਰਤਾਰਾ ਹਮੇਸ਼ਾ ਹੀ ਸਿਖ ਧਰਮ ਦੀ ਹੇਠੀ ਵਾਲਾ ਰਿਹਾ ਹੈ। ਹਿੰਦੂਆਂ ਵਲੋਂ ਸਿਖ ਮਾਪਿਆਂ ਦੇ ਬੱਚਿਆਂ ਨੂੰ ਪਾਹੁਲ ਲੈਣ (ਅੰਮ੍ਰਿਤ ਛਕਣ) ਤੋਂ ਰੋਕਣ ਅਤੇ ਸਿਖ ਕਹਾਉਣ ਵਾਲੇ ਹੋਰ ਲੋਕਾਂ ਨੂੰ ਸਿਖੀ ਵਲ ਕੰਡ ਕਰਨ ਦੀ ਪ੍ਰੇਰਨਾ ਦੇਣਾ, ਇਨ੍ਹਾਂ ਦਾ ਕੰਮ ਰਿਹਾ ਹੈ। ਹਿੰਦੂ ਧਰਮ ਨੇ ਬੁਧ ਮੱਤ, ਜੋ ਇਸ ਦਾ ਖ਼ਤਰਨਾਕ ਵਿਰੋਧੀ ਸੀ, ਦਾ ਗਲਾ ਤਾਂ ਘੁਟ ਹੀ ਦਿਤਾ ਹੋਇਆ ਸੀ ਅਤੇ ਹੁਣ ਇਸ ਨੇ ਸਿਖ ਮੱਤ ਨਾਲ ਓਹੋ ਵਰਤਾਉ ਕਰਨ ਲਈ ਵਡੇ ਚਿੰਤਾ-ਜਨਕ ਰਸਤੇ ਅਪਣਾਅ ਲਏ ਹੋਏ ਹਨ।"

[ਛਪੀ ਪੁਸਤਕ "ਕਿਉਂ ਕੀਤੋ ਵੇਸਾਹੁ" ਵਿਚੋਂ



www.AKJ.Org

# ਬਿਖਿਆ ਸਗਲੀ ਛਾਰੁ

ਗੁਰੂ ਅਮਰਦਾਸ ਜੀ ਦਾ ਕਥਨ ਹੈ, "ਲਿਵ ਧਾਤੁ ਦੁਇ ਰਾਹ ਹੈ'। ਭਾਵ ਇਸ ਸੰਸਾਰ ਦੀ ਖੇਡ ਵਿਚ ਦੋ ਰਾਹ ਹਨ : ਇਕ ਹੈ ਵਾਹਿਗੁਰੂ ਜੀ ਨਾਲ ਪਿਆਰ ਅਤੇ ਦੂਜਾ ਹੈ ਮਾਇਆ ਵਲ ਪਿਆਰ। ਗੁਰੂ ਕੇ ਸਨਮੁਖ ਗੁਰਸਿਖ ਵਾਹਿਗੁਰੂ ਜੀ ਨਾਲ ਪਿਆਰ ਕਰਦੇ ਹਨ ਅਤੇ ਮਨ ਦੇ ਮਗਰ ਤੁਰਨ ਵਾਲੇ ਮਨਮੁਖ, ਮਾਇਆ ਨਾਲ ਲਿਪਦੇ ਰਹਿੰਦੇ ਹਨ।

ਵੇਖਣ ਵਿਚ ਆ ਰਿਹਾ ਹੈ ਕਿ ਇਸ ਵੇਲੇ ਮਾਇਆ ਬਹੁਤ ਪ੍ਰਬਲ ਹੋ ਕੇ ਜਗਤ ਵਿਚ ਵਿਆਪ ਰਹੀ ਹੈ। ਸਾਰੀ ਲੁਕਾਈ ਨੂੰ ਇਸ ਨੇ ਆਪਣੀ ਲਪੇਟ ਵਿਚ ਲਿਆ ਹੋਇਆ ਹੈ। ਰੇਡੀਉ, ਟੈਲੀਵਿਯਨ ਅਤੇ ਸਿਨਮਿਆਂ ਵਿਚਲੀਆਂ ਬਹੁ-ਰੰਗੀ-ਫਿਲਮਾਂ ਦੀ ਚਮਕ-ਦਮਕ ਨੇ ਲੋਕਾਂ ਦੀਆਂ ਬ੍ਰਿਤੀਆਂ ਹੀ ਬਦਲ ਕੇ ਰਖ ਦਿਤੀਆਂ ਹਨ। ਸੁਖ ਅਰਾਮ ਦੇ ਅਨੇਕਾਂ ਸਾਧਨ ਅਤੇ ਸਾਜ਼-ਸਾਮਾਨ ਬਣ ਗਏ ਹਨ, ਪਰ ਤ੍ਰਿਪਤੀ ਕਿਤੇ ਵੀ ਨਹੀਂ, ਹੋਰ ਤੋਂ ਹੋਰ ਪ੍ਰਾਪਤੀਆਂ ਲਈ ਬੰਦੇ ਭਜੇ ਫਿਰਦੇ ਹਨ, ਤ੍ਰਿਸ਼ਨਾ ਕਿਤੇ ਰਜਦੀ ਹੀ ਨਹੀਂ।

ਸ੍ਰੀ ਗੁਰੂ ਅਰਜਨ ਦੇਵ ਜੀ ਪ੍ਰਾਣੀ ਨੂੰ ਚਿਤਾਵਨੀ ਦੇਂਦੇ ਹਨ ਕਿ ਮਾਇਆ ਦੀ ਇਸ ਪਕੜ ਵਿਚ ਅਤੇ ਵਿਸ਼ੇ ਵਿਕਾਰਾਂ ਦੀ ਸੰਗਤ ਵਿਚ ਉਸ ਅਗਮ ਅਗੋਚਰ ਤੇ ਪੂਰਨ ਪਰਮੇਸ਼ਰ ਨੂੰ ਕਿਵੇਂ ਵੀ ਪ੍ਰਾਪਤ ਨਹੀਂ ਕੀਤਾ ਜਾ ਸਕਦਾ। ਮਨ ਤਾਂ ਕਈ ਪ੍ਰਕਾਰ ਦੀਆਂ ਮਾਇਕ ਲਹਿਰਾਂ ਵਿਚ ਉਲਝਿਆ ਪਿਆ ਹੈ, ਕਿਤੇ ਇਹ ਮੂੜ੍ਹ ਅਗਿਆਨੀ ਮਾਇਆ ਦੇ ਮੋਹ ਵਿਚ ਮਗਨ ਹੋ ਕੇ ਮਾਇਆ ਇਕੱਠੀ ਕਰਦਾ ਫਿਰਦਾ ਹੈ। ਕਿਤੇ ਕ੍ਰੋਧ ਚੰਡਾਲ ਰੂਪ ਵਿਚ ਚੰਬੜਿਆ ਪਿਆ ਹੈ, ਕਿਤੇ ਕਾਮ ਦੀਆਂ ਲਹਿਰਾਂ ਵਿਚ ਅੰਨ੍ਹਾ ਹੋਇਆ ਪਿਆ ਹੈ। ਗੁਰਵਾਕ ਹੈ—

ਉਰਝਿ ਰਹਿਓ ਬਿਖਿਆ ਕੈ ਸੰਗਾ ॥ ਮਨਹਿ ਬਿਆਪਤ ਅਨਿਕ ਤਰੰਗਾ ॥੧॥
ਮੇਰੇ ਮਨ, ਅਗਮ ਅਗੋਚਰ ॥ ਕਤ ਪਾਈਐ ਪੂਰਨ ਪਰਮੇਸਰ ॥੧॥ ਰਹਾਉ॥
ਮੋਹ ਮਗਨ ਮਹਿ ਰਹਿਆ ਬਿਆਪੈ ॥ ਅਤਿ ਤ੍ਰਿਸਨਾ ਕਬਹੂ ਨਹੀ ਧ੍ਰਾਪੈ ॥੨॥
ਬਸਇ ਕਰੋਧੁ ਸਰੀਰਿ ਚੰਡਾਰਾ ॥ ਅਗਿਆਨਿ ਨ ਸੂਝੈ ਮਹਾ ਗੁਬਾਰਾ ॥੩॥ (੭੫੯)

ਸਤਿਗੁਰੂ ਜੀ ਹੋਰ ਥਾਈਂ ਫ਼ੁਰਮਾਂਦੇ ਹਨ ਕਿ ਇਨ੍ਹਾਂ ਮਾਇਕ ਖਿਚਾਂ ਅਤੇ ਵਿਸ਼ਿਆਂ ਵਿਕਾਰਾਂ ਦੀ ਭੁਖ ਮਿਟ ਸਕਦੀ ਹੀ ਨਹੀਂ, ਜਿਵੇਂ ਕਿ ਅੱਗ ਬਾਲਣ ਨਾਲ ਰਜਦੀ ਨਹੀਂ, ਉਹ ਵਧ ਤੋਂ ਵਧ ਭੜਕਦੀ ਹੈ ਗੁਰਵਾਕ ਹੈ—

ਬਿਖਿਆ ਮਹਿ ਕਿਨਹੀ ਤ੍ਰਿਪਤਿ ਨ ਪਾਈ ॥
ਜਿਉ ਪਾਵਕੁ ਈਧਨਿ ਨਹੀ ਧ੍ਰਾਪੈ, ਬਿਨੁ ਹਰਿ ਕਹਾ ਅਘਾਈ ॥ ਰਹਾਉ ॥
ਦਿਨੁ ਦਿਨੁ ਕਰਤ ਭੋਜਨ ਬਹੁ ਬਿੰਜਨ, ਤਾ ਕੀ ਮਿਟੈ ਨ ਭੂਖਾ ॥
ਉਦਮੁ ਕਰੈ ਸੁਆਨ ਕੀ ਨਿਆਈ, ਚਾਰੇ ਕੁੰਟਾ ਘੋਖਾ ॥੨॥ (੬੭੨)

ਨਿਤਾਪ੍ਰਤਿ ਛਤੀਹ ਪ੍ਰਕਾਰ ਦੇ ਪਕਵਾਨ ਖਾਣ ਨਾਲ, ਭਾਂਤ ਭਾਂਤ ਦੇ ਸੁਆਦਲੇ ਤੇ ਖਟ-ਤੁਰਸੀ ਭੋਜਨ ਛਕਣ ਨਾਲ ਮਨੁਖ ਦੀ ਤ੍ਰਿਸ਼ਨਾ ਘਟਦੀ ਨਹੀਂ, ਸਗੋਂ ਇਨ੍ਹਾਂ ਦੀ ਪ੍ਰਾਪਤੀ ਲਈ ਚਾਰੇ ਕੁੰਟਾਂ ਵਿਚ ਕੁੱਤੇ ਵਾਂਗ ਦਰ ਦਰ ਤੇ ਘੋਖਾਂ ਕਰਦਾ ਫਿਰਦਾ ਹੈ। ਇਹੋ ਹਾਲਤ ਕਾਮੀ ਪੁਰਖ ਦੀ ਅਗਲੀ ਪੰਗਤੀ ਵਿਚ ਸਤਿਗੁਰੂ ਜੀ ਦੱਸ ਰਹੇ ਹਨ— ਕਾਮਵੰਤ ਕਾਮੀ ਬਹੁ ਨਾਰੀ, ਪਰ ਗ੍ਰਿਹ ਜੋਹ ਨ ਚੂਕੈ ॥ (੬੭੨)

ਕਾਮੀ ਪੁਰਸ਼ਾਂ ਦੀਆਂ ਜੇ ਅਨੇਕਾਂ ਨਾਰੀਆਂ ਵੀ ਹੋ ਜਾਣ ਤਾਂ ਵੀ ਉਸ ਦੀ ਅੱਗ ਮੱਠੀ ਨਹੀਂ ਹੁੰਦੀ ਅਤੇ ਪਰਾਈਆਂ ਇਸਤ੍ਰੀਆਂ ਵਲ ਉਸ ਦੀ ਝਾਕ ਮੁਕਦੀ ਨਹੀਂ।

ਸਰੀਰਕ ਇੰਦਰੇ, ਅੱਖਾਂ, ਕੰਨ, ਜੀਭ, ਨੱਕ ਆਦਿ ਚੋਜ ਤਮਾਸ਼ਿਆਂ, ਰਸਾਂ ਕਸਾਂ ਤੇ ਨਿੰਦ ਚਿੰਦ ਆਦਿ ਤੋਂ ਰੱਜ ਸਕਦੇ ਹੀ ਨਹੀਂ। ਭਾਈ ਗੁਰਦਾਸ ਜੀ ਦਾ ਕਥਨ ਹੈ—



www.AKJ.Org

ਅਖੀਂ ਵੇਖਿ ਨ ਰਜੀਆ ਬਹੁ ਰੰਗ ਤਮਾਸ਼ੇ ॥ ਉਸਤਤਿ ਨਿੰਦਾ ਕੰਨਿ ਸੁਣਿ ਰੋਵਣ ਤੇ ਹਾਸੇ ॥
ਸਾਦੀਂ ਜੀਭ ਨ ਰਜੀਆ ਕਰਿ ਭੋਗ ਬਿਲਾਸੇ ॥ ਨਕ ਨ ਰਜਾ ਵਾਸੁ ਲੈ ਦੁਰਗੰਧ ਸੁਵਾਸੇ ॥
ਰਜਿ ਨ ਕੋਈ ਜੀਵਿਆ ਕੂੜੇ ਭਰਵਾਸੇ ॥ ਪੀਰ ਮੁਰੀਦਾ ਪਿਰਹੜੀ ਸਚੀ ਰਹਰਾਸੇ ॥੯॥ (੨੭)

ਇਨ੍ਹਾਂ ਕੂੜੇ ਭਰਵਾਸਿਆਂ ਨਾਲ ਕੋਈ ਰੱਜ ਨਹੀਂ ਸਕਦਾ। ਮਾਇਆ ਦੇ ਕਈ ਪ੍ਰਕਾਰ ਦੇ ਸਾਜਾਂ ਬਾਜਾਂ ਵਿਚ, ਉਚ ਪਦਵੀਆਂ ਵਿਚ, ਮਹਿਲ ਮਾੜੀਆਂ ਵਿਚ, ਸੁੰਦਰ ਖਾਣਿਆਂ, ਮਿਠੇ ਮੇਵਿਆਂ ਅਤੇ ਰਾਜਗੀਰੀਆਂ ਤੇ ਤਖ਼ਤਾਂ ਤਾਜਾਂ ਵਿਚ ਸੰਤੋਖ ਕਿਤੇ ਨਹੀਂ ਦਿਸਦਾ। ਗਰਵਾਕ ਹੈ–

ਬਹੁ ਰੰਗ ਮਾਇਆ ਬਹੁ ਬਿਧਿ ਪੇਖੀ ॥ ਕਲਮ ਕਾਗਦ ਸਿਆਨਪ ਲੇਖੀ ॥
ਮਹਰ ਮਲੂਕ ਹੋਇ ਦੇਖਿਆ ਖਾਨ ॥ ਤਾ ਤੇ ਨਾਹੀ ਮਨੁ ਤ੍ਰਿਪਤਾਨ ॥੧॥
ਸੋ ਸੁਖੁ ਮੋ ਕਉ ਸੰਤ ਬਤਾਵਹੁ ॥ ਤ੍ਰਿਸਨਾ ਬੂਝੈ ਮਨੁ ਤ੍ਰਿਪਤਾਵਹੁ ॥੧॥ਰਹਾਉ॥
[1]ਅਸੁ ਪਵਨ ਹਸਤਿ[2] ਅਸਵਾਰੀ ॥ ਚੋਆ[3] ਚੰਦਨ ਸੇਜ ਸੁੰਦਰਿ ਨਾਰੀ ॥
ਨਟ ਨਾਟਿਕ ਆਖਾਰੇ[4] ਗਾਇਆ ॥ ਤਾ ਮਹਿ ਮਨਿ ਸੰਤੋਖੁ ਨ ਪਾਇਆ ॥੨॥
ਤਖਤ ਸਭਾ ਮੰਡਨ[5] ਦੋਲੀਚੇ ॥ ਸਗਲ ਮੇਵੇ ਸੁੰਦਰ ਬਾਗੀਚੇ ॥
[6]ਆਖੇੜ ਬਿਰਤਿ ਰਾਜਨ ਕੀ ਲੀਲਾ ॥ ਮਨੁ ਨ ਸੁਹੇਲਾ ਪਰਪੰਚੁ ਹੀਲਾ ॥੩॥

ਸ਼ਬਦ ਦੇ ਅੰਤ ਵਿਚ ਸਤਿਗੁਰੂ ਜੀ ਸਿੱਟੇ ਦੀ ਗੱਲ ਪ੍ਰਾਣੀ ਨੂੰ ਦਸਦੇ ਹਨ ਕਿ ਜਿਥੇ ਅਨਿਕ-ਪ੍ਰਕਾਰੀ ਮਾਇਕ ਪਦਾਰਥਾਂ ਵਿਚ ਸ਼ਾਂਤੀ ਜਾਂ ਤ੍ਰਿਪਤੀ ਨਹੀਂ, ਉਥੇ ਕੇਵਲ ਪ੍ਰਭੂ ਦਾ ਸੱਚਾ ਨਾਮ-ਧਨ ਤੇ ਹਰਿ ਕੀਰਤਨ ਹੀ ਹੈ, ਜੋ ਸਾਧ ਸੰਗਤ ਵਿਚ ਮਿਲ ਕੇ ਗਾਵਿਆ ਜਾਏ, ਜਿਸ ਕਰਕੇ ਸਹੀ ਅਰਥਾਂ ਵਿਚ ਸੁਖੀ ਹੋ ਸਕੀਦਾ ਹੈ–

ਕਰਿ ਕਿਰਪਾ ਸੰਤਨ ਸਚੁ ਕਹਿਆ ॥ ਸਰਬ ਸੂਖ ਇਹੁ ਆਨੰਦੁ ਲਹਿਆ ॥
ਸਾਧ ਸੰਗਿ ਹਰਿ ਕੀਰਤਨੁ ਗਾਈਐ ॥ ਕਹੁ ਨਾਨਕ ਵਡਭਾਗੀ ਪਾਈਐ ॥੪॥
ਜਾ ਕੈ ਹਰਿ ਧਨੁ ਸੋਈ ਸੁਹੇਲਾ ॥ ਪ੍ਰਭ ਕਿਰਪਾ ਤੇ ਸਾਧ ਸੰਗਿ ਮੇਲਾ ॥ਰਹਾਉ॥ (੧੭੯)

ਤਾਂ ਤੇ ਸਤਿਗੁਰੂ ਜੀ ਫੁਰਮਾਂਦੇ ਹਨ ਕਿ ਗੁਰਮੁਖਾਂ ਨੂੰ ਇਹ ਸੋਝੀ ਹੋ ਆਉਂਦੀ ਹੈ ਕਿ ਮਾਇਆ ਦੇ ਇਹ ਸਭ ਪਸਾਰੇ ਖਿਨ-ਭੰਗਰ ਅਤੇ ਨਾਸਵੰਤ ਹਨ, ਇਨ੍ਹਾਂ ਵਿਚੋਂ ਕੋਈ ਵੀ ਸੱਚੀ ਦਰਗਾਹ ਵਿਚ ਸਾਥ ਨਿਭਣ ਵਾਲਾ ਨਹੀਂ। ਗੁਰਵਾਕ–

ਐਸੀ ਜਾਨੀ ਸੰਤ ਜਨੀ ॥ ਪਰਗਾਸੁ ਭਇਆ ਗੁਰ ਬਚਨੀ ॥੧॥ਰਹਾਉ॥
ਤਨੁ ਧਨੁ ਕਲਤੁ[7] ਮਿਥਿਆ ਬਿਸਥਾਰ ॥ [8]ਹੈਵਰ ਗੈਵਰ ਚਾਲਨਹਾਰ ॥
ਰਾਜ ਰੰਗ ਰੂਪ ਸਭਿ ਕੂਰ ॥ ਨਾਮ ਬਿਨਾ ਹੋਇ ਜਾਸੀ ਧੂਰ ॥੨॥
ਭਰਮਿ ਭੂਲੇ ਬਾਦਿ ਅਹੰਕਾਰੀ ॥ ਸੰਗਿ ਨਾਹੀ ਰੇ, ਸਗਲ ਪਸਾਰੀ ॥ (੮੯੮)

ਅਤੇ– ਤੇਰੈ ਕਾਜਿ ਨ ਗ੍ਰਿਹੁ ਰਾਜੁ ਮਾਲੁ ॥ ਤੇਰੈ ਕਾਜਿ ਨ ਬਿਖੈ ਜੰਜਾਲੁ ॥
ਇਸਟ ਮੀਤ ਜਾਣੁ ਸਭ ਛਲੈ ॥ ਹਰਿ ਹਰਿ ਨਾਮੁ ਸੰਗਿ ਤੇਰੈ ਚਲੈ ॥੧॥
ਰਾਮ ਨਾਮ ਗੁਣ ਗਾਇ ਲੇ ਮੀਤਾ ॥
ਹਰਿ ਸਿਮਰਤ ਤੇਰੀ ਲਾਜ ਰਹੈ ॥ ਹਰਿ ਸਿਮਰਤ ਜਮੁ ਕਛੁ ਨ ਕਹੈ ॥੧॥ਰਹਾਉ॥
ਬਿਨੁ ਹਰਿ ਸਗਲ ਨਿਰਾਰਥ ਕਾਮ ॥ ਸੁਇਨਾ ਰੁਪਾ ਮਾਟੀ ਦਾਮ ॥
ਗੁਰ ਕਾ ਸਬਦੁ ਜਪਿ ਮਨ ਸੁਖਾ ॥ ਈਹਾ ਊਹਾ ਤੇਰਾ ਊਜਲ ਮੁਖਾ ॥੨॥ (੮੯੯)

ਜੇ ਇਹ ਵਸਤੂਆਂ ਕਿਸੇ ਕੰਮ ਨਹੀਂ ਆਉਣੀਆਂ, ਇਹ ਨਾਸਵੰਤ ਹਨ ਅਤੇ ਇਨ੍ਹਾਂ ਦੀ ਹੋਂਦ ਸੁਆਹ ਜਿਨੀ

---

੧. ਵਾਯੂ ਵਾਂਗ ਤੇਜ਼-ਚਾਲ ਘੋੜੇ। ੨. ਹਾਥੀ। ੩. ਅਤਰ ਫੁਲੇਲ। ੪. ਅਖਾੜੇ, ਥੀਏਟਰ। ੫. ਸਜਾਵਟਾਂ। ੬. ਸ਼ਿਕਾਰ ਦੀ ਬਿਰਤੀ। ੭. ਇਸਤ੍ਰੀ, ਪਤਨੀ। ੮. ਹਾਥੀ ਘੋੜੇ।


www.AKJ.Org

ਤੁਛ ਹੈ ਤਾਂ ਫਿਰ ਕਿਉਂ 'ਮੈਂ-ਮੇਰੀ' ਵਿਚ ਪ੍ਰਾਣੀ ਉਲਝਿਆ ਪਿਆ ਹੈ ? ਗੁਰਵਾਕ–

ਕਾਹੇ ਭ੍ਰਮਿ ਭ੍ਰਮਹਿ ਬਿਗਾਨੇ ॥
ਨਾਮ ਬਿਨਾ ਕਿਛੁ ਕਾਮਿ ਨ ਆਵੈ, ਮੇਰਾ ਮੇਰਾ ਕਰਿ ਬਹੁਤੁ ਪਛੁਤਾਨੇ ॥੧॥ਰਹਾਉ॥ (੮੯੬)

ਸਤਿਗੁਰੂ ਜੀ ਇਨ੍ਹਾਂ ਪਦਾਰਥਾਂ ਦੀ ਤੁਛਤਾ ਅਤੇ ਮੈਂ-ਮੇਰੀ ਤੇ ਇਨ੍ਹਾਂ ਦੁਨਿਆਵੀ ਪਦਵੀਆਂ ਕਾਰਨ ਬੌਖਲਾਂਦੇ ਹੰਕਾਰੀ ਜੀਵ ਨੂੰ ਤਾੜਨਾ ਕਰਦੇ ਹਨ ਕਿ ਇਹ ਸਭ ਕੁਝ ਇਥੇ ਛਡ ਕੇ ਇਥੋਂ ਤੁਰ ਜਾਣਾ ਹੈ, ਤਾਂ ਤੇ ਉਠਦਿਆਂ ਬਹਿੰਦਿਆਂ ਸਦਾ ਹਰੀ-ਸਿਮਰਨ ਕਰਨਾ ਲੋੜੀਦਾ ਹੈ । ਗੁਰਵਾਕ ਹੈ–

ਰਾਜ ਮਿਲਕ ਜੋਬਨ ਗ੍ਰਿਹ ਸੋਭਾ ਰੂਪਵੰਤੁ ਜੋੁਆਨੀ ॥
ਬਹੁਤੁ ਦਰਬੁ ਹਸਤੀ ਅਰੁ ਘੋੜੇ ਲਾਲ ਲਾਖ ਬੈ ਆਨੀ ॥
ਆਗੈ ਦਰਗਹਿ ਕਾਮਿ ਨ ਆਵੈ ਛੋਡਿ ਚਲੈ ਅਭਿਮਾਨੀ ॥੧॥
ਕਾਹੇ ਏਕ ਬਿਨਾ ਚਿਤੁ ਲਾਈਐ ॥
ਊਠਤ ਬੈਠਤ ਸੋਵਤ ਜਾਗਤ ਸਦਾ ਸਦਾ ਹਰਿ ਧਿਆਈਐ ॥੧॥ਰਹਾਉ॥
ਮਹਾ ਬਚਿਤ੍ਰ ਸੁੰਦਰ ਆਖਾੜੇ ਰਣ ਮਹਿ ਜਿਤੇ ਪਵਾੜੇ ॥
ਹਉ ਮਾਰਉ ਹਉ ਬੰਧਉ ਛੋਡਉ ਮੁਖ ਤੇ ਏਵ ਬਬਾੜੇ ॥
ਆਇਆ ਹੁਕਮੁ ਪਾਰਬ੍ਰਹਮ ਕਾ ਛੋਡਿ ਚਲਿਆ ਏਕ ਦਿਹਾੜੇ । ੨॥

ਸ਼ਬਦ ਦਾ ਸਾਰ-ਸਿੱਟਾ ਸਤਿਗੁਰੂ ਜੀ ਆਪਣੇ ਗੁਰਸਿਖ ਪਰਵਾਰ ਨੂੰ ਇਉਂ ਨਿਤਾਰ ਕੇ ਦਸਦੇ ਹਨ–

ਸੰਤ ਸਜਨ ਸੁਨਹੁ ਸਭਿ ਮੀਤਾ, ਝੂਠਾ ਏਹੁ ਪਸਾਰਾ ॥
ਮੇਰੀ ਮੇਰੀ ਕਰਿ ਕਰਿ ਡੂਬੇ ਖਪਿ ਖਪਿ ਮੁਏ ਗਵਾਰਾ ॥
ਗੁਰ ਮਿਲਿ ਨਾਨਕ ਨਾਮੁ ਧਿਆਇਆ, ਸਾਚਿ ਨਾਮਿ ਨਿਸਤਾਰਾ ॥੪॥੧॥੩੮॥ (੩੭੯-੮੦)

ਇਹ ਸਾਰਾ ਪਸਾਰਾ ਝੂਠਾ ਹੈ, ਸਾਥ ਨਿਭਣ ਵਾਲਾ ਨਹੀਂ । ਕੇਵਲ ਪ੍ਰਭੂ-ਭਗਤੀ ਹੀ ਹੈ ਜੋ ਸਮੂਹ ਸੁਖਾਂ ਦਾ ਸਾਧਨ ਹੈ ਅਤੇ ਸਾਧ ਸੰਗਤ ਨਾਲ ਮਿਲ ਕੇ, ਗੁਰੂ ਕਿਰਪਾ ਨਾਲ ਇਸ ਨਾਮ ਧਨ ਨੂੰ ਵਿਹਾਝਣਾ ਚਾਹੀਦਾ ਹੈ, ਜਿਸ ਨਾਲ ਇਹ ਅਮੋਲਕ ਮਨੁਖਾ ਜੀਵਨ ਸਫਲਾ ਹੋ ਸਕਦਾ ਹੈ । ਗੁਰਵਾਕ ਹੈ–

ਸੁਖੁ ਨਾਹੀ ਰੇ ਹਰਿ ਭਗਤਿ ਬਿਨਾ ॥
ਜੀਤਿ ਜਨਮੁ ਇਹੁ ਰਤਨੁ ਅਮੋਲਕੁ ਸਾਧ ਸੰਗਤਿ ਜਪਿ ਇਕ ਖਿਨਾ ॥੧॥ ਰਹਾਉ॥ (੨੧੦)

ਸਤਿਗੁਰੂ ਪਾਤਿਸ਼ਾਹ ਪ੍ਰਾਣੀ ਦੇ ਮਨ ਨੂੰ ਦ੍ਰਿੜ੍ਹ ਕਰਵਾ ਰਹੇ ਹਨ–

ਜਪਿ ਮਨ ਰਾਮ ਨਾਮ ਪੜ੍ਹ ਸਾਰੁ ॥
ਰਾਮ ਨਾਮ ਬਿਨੁ ਥਿਰੁ ਨਹੀ ਕੋਈ, ਹੋਰੁ ਨਿਹਫਲ ਸਭੁ ਬਿਸਥਾਰੁ ॥੧॥ ਰਹਾਉ॥
ਕਿਆ ਲੀਜੈ ਕਿਆ ਤਜੀਐ ਬਉਰੇ, ਜੋ ਦੀਸੈ ਸੋ ਛਾਰੁ ॥
ਜਿਸੁ ਬਿਖਿਆ ਕਉ ਤੁਮ ਅਪੁਨੀ ਕਰਿ ਜਾਨਹੁ, ਸਾ ਛਾਡਿ ਜਾਹੁ ਸਿਰਿ ਭਾਰੁ ॥੧॥ (੧੨੦੦)

ਉਪਰੋਕਤ ਧਾਤੁ ਵਾਲਾ ਰਾਹ ਹੈ, ਇਹ ਮਾਇਆ ਵਲ ਲਿਜਾਂਦਾ ਹੈ, ਮਨਮੁਖੀ ਜੀਵ ਇਸ ਵਿਚ ਉਲਝੇ ਪਏ ਹਨ ਅਤੇ ਬਾਣੀ ਦੇ ਪੁਕਾਰ ਪੁਕਾਰ ਕੇ ਸਮਝਾਇਆਂ ਵੀ ਸਮਝਦੇ ਹਨ । ਗੁਰ ਫ਼ੁਰਮਾਨ ਹੈ–

ਮਨਮੁਖੁ ਲੋਕੁ ਸਮਝਾਈਐ, ਕਦਹੁ ਸਮਝਾਇਆ ਜਾਇ ॥
ਮਨਮੁਖੁ ਰਲਾਇਆ ਨਾ ਰਲੈ, ਪਇਐ ਕਿਰਤਿ ਫਿਰਾਇ ॥
**ਲਿਵ ਧਾਤੁ ਦੁਇ ਰਾਹੁ ਹੈ** ਹੁਕਮੀ ਕਾਰ ਕਮਾਇ ॥
ਗੁਰਮੁਖਿ ਆਪਣਾ ਮਨੁ ਮਾਰਿਆ ਸਬਦਿ ਕਸਵਟੀ ਲਾਇ ॥


www.AKJ.Org

ਮਨ ਹੀ ਨਾਲਿ ਝਗੜਾ ਮਨ ਹੀ ਨਾਲਿ ਸਥ, ਮਨ ਹੀ ਮੰਝਿ ਸਮਾਇ ॥
ਮਨੁ ਜੋ ਇਛੇ ਸੋ ਲਹੈ, ਸਚੈ ਸਬਦਿ ਸੁਭਾਇ ॥
ਅੰਮ੍ਰਿਤ ਨਾਮੁ ਸਦ ਭੁੰਚੀਐ, ਗੁਰਮੁਖਿ ਕਾਰ ਕਮਾਇ ॥
ਵਿਣੁ ਮਨੈ ਜਿ ਹੋਰੀ ਨਾਲਿ ਲੁਝਣਾ, ਜਾਸੀ ਜਨਮੁ ਗਵਾਇ ॥
ਮਨਮੁਖੀ ਮਨ ਹਠਿ ਹਾਰਿਆ, ਕੂੜੁ ਕੁਸਤੁ ਕਮਾਇ ॥
ਗੁਰ ਪਰਸਾਦੀ ਮਨੁ ਜਿਣੈ, ਹਰਿ ਸੇਤੀ ਲਿਵ ਲਾਇ ॥
ਨਾਨਕ ਗੁਰਮੁਖਿ ਸਚੁ ਕਮਾਵੈ, ਮਨਮੁਖਿ ਆਵੈ ਜਾਇ ॥੨॥੧੨॥

[ਸਿਰੀ ਰਾਗ ਕੀ ਵਾਰ, ਮ: ੩, ਪੰਨਾ ੮੭

ਗੁਰਮੁਖ ਹੁਕਮ ਵਿਚ ਨਾਮ-ਸਿਮਰਨ ਦੀ ਸਚੀ ਕਾਰ, ਗੁਰ-ਸ਼ਬਦ ਦੀ ਕਾਰ ਕਰਦੇ ਹੋਏ ਆਪਣੇ ਮਨ ਨੂੰ ਸਾਧ ਲੈਂਦੇ ਹਨ, ਸੋਧ ਪ੍ਰਬੋਧ ਲੈਂਦੇ ਹਨ, ਅਤੇ ਅੰਮ੍ਰਿਤ ਨਾਮ-ਰਸ ਸਦਾ ਭੁੰਚਦੇ ਰਹਿੰਦੇ ਹਨ। ਉਹ ਗੁਰੂ-ਕਿਰਪਾ ਨਾਲ ਮਨ ਨੂੰ ਜਿਤ ਕੇ ਵਾਹਿਗੁਰੂ ਜੀ ਨਾਲ 'ਲਿਵ' ਲਾਈ ਰਖਦੇ ਹਨ ਅਤੇ 'ਸਚੁ' ਪਦਾਰਥ ਨਾਲ ਜੁੜ ਕੇ ਅਮੋਲਕ ਮਨੁਖਾ ਜਨਮ ਸਫਲ ਕਰ ਜਾਂਦੇ ਹਨ। ਪਰ ਮਨਮੁਖ 'ਧਾਤੁ' ਦੇ ਰਾਹੇ ਪੈ ਕੇ, ਮਨ-ਹੱਠ-ਕਰਮਾਂ ਕਰਕੇ ਕੂੜ ਕੁਸਤ ਵਿਚ ਉਲਝ ਕੇ, ਇਸ ਅਮੋਲਕ ਜਨਮ ਦੀ ਬਾਜੀ ਹਾਰ ਜਾਂਦੇ ਹਨ ਅਤੇ ਚਉਰਾਸੀਹ ਦੇ ਗੇੜ ਵਿਚ ਆਂਦੇ ਜਾਂਦੇ, ਜੰਮਦੇ ਮਰਦੇ ਦੁਖ ਪਾਂਦੇ ਹਨ।

ਮਾਇਆ ਐਸੀ ਪ੍ਰਬਲ ਹੋ ਕੇ ਵਰਤਦੀ ਹੈ ਕਿ ਉਹ ਜੀਵ ਨੂੰ ਆਪਣੇ ਹੁਕਮ ਵਿਚ ਤੋਰ ਲੈਂਦੀ ਹੈ ਅਤੇ ਵਾਹਿਗੁਰੂ ਜੀ ਨਾਲ ਲਿਵ ਲਗਣ ਹੀ ਨਹੀਂ ਦੇਂਦੀ। ਗੁਰ ਫੁਰਮਾਨ ਹੈ–

ਲਿਵ ਛੁੜਕੀ ਲਗੀ ਤ੍ਰਿਸਨਾ, ਮਾਇਆ ਅਮਰੁ ਵਰਤਾਇਆ ॥
ਏਹ ਮਾਇਆ ਜਿਤੁ ਹਰਿ ਵਿਸਰੈ, ਮੋਹੁ ਉਪਜੈ ਭਾਉ ਦੂਜਾ ਲਾਇਆ ॥

ਪਰ ਜੋ ਗੁਰੂ ਦੇ ਅਨੁਸਾਰੀ ਗੁਰਮੁਖ ਹੁੰਦੇ ਹਨ, ਉਹ ਗੁਰੂ ਕੀ ਦਸੀ ਸੱਚੀ ਸੁੱਚੀ ਕਾਰ ਕਮਾਂਦੇ ਹੋਏ, ਵਾਹਿਗੁਰੂ ਜੀ ਨਾਲ ਲਿਵ ਜੋੜ ਕੇ, ਮਾਇਆ ਵਿਚ ਰਹਿੰਦੇ ਹੋਏ ਵੀ ਉਸ ਤੋਂ ਨਿਰਲੇਪ ਰਹਿੰਦੇ ਹਨ। ਅਗਲੀ ਪੰਗਤੀ ਸਪਸ਼ਟ ਕਰਦੀ ਹੈ–

ਕਹੈ ਨਾਨਕੁ ਗੁਰ ਪਰਸਾਦੀ ਜਿਨਾ ਲਿਵ ਲਾਗੀ, ਤਿਨੀ ਵਿਚੇ ਮਾਇਆ ਪਾਇਆ ॥੨੯॥

ਰਾਮਕਲੀ ਮ: ੩ ਅਨੰਦੁ, ਪੰਨਾ ੯੨੧

ਅੱਜ ਅਸੀਂ 'ਧਾਤੁ' (ਮਾਇਆ) ਦੇ ਰਾਹੇ ਪੈ ਕੇ ਗੁਰੂ ਪਰਮੇਸ਼ਰ ਦੇ ਪਿਆਰ ਤੋਂ ਦੂਰ ਜਾ ਰਹੇ ਹਾਂ। ਗੁਰੂ ਪਰਮੇਸ਼ਰ ਤੋਂ ਵਿਛੜ ਕੇ ਅਸੀਂ ਮੈਂ-ਮੇਰੀ, ਆਪੋ-ਧਾਪੀ ਤੇ ਖ਼ੁਦਗਰਜ਼ੀਆਂ ਵਿਚ ਰੁੜ੍ਹੇ ਜਾ ਰਹੇ ਹਾਂ, ਜਿਸ ਕਾਰਨ ਸਾਡੀ ਬੁਰੀ ਦਸ਼ਾ ਹੋ ਰਹੀ ਹੈ, ਸਾਡੀ ਅਣਖ ਮਧੋਲੀ ਜਾ ਰਹੀ ਹੈ, ਸਾਡੀ ਹੋਂਦ ਮਲੀਆਮੇਟ ਕੀਤੀ ਜਾ ਰਹੀ ਹੈ।

'ਧਾਤ' ਦਾ ਰਾਹ ਛਡ ਕੇ 'ਲਿਵ' ਦਾ ਰਾਹ ਅਖ਼ਤਿਆਰ ਕਰਨ ਨਾਲ ਹੀ ਅਸੀਂ ਸ੍ਵੈਮਾਣ ਤੇ ਅਣਖ ਦਾ ਜੀਵਨ ਜੀ ਸਕਦੇ ਹਾਂ।

---

**'ਸੂਰਾ' ਦੇ ਪ੍ਰੇਮੀ ਪਾਠਕੋ–** ਅਸੀਂ 'ਸੂਰਾ' ਦੇ ਪੰਨਿਆਂ ਵਿਚ ਕੋਈ ਵਾਦ-ਵਿਵਾਦ ਦਾ ਵਿਸ਼ਾ ਛੇੜਨਾ ਨਹੀਂ ਚਾਹੁੰਦੇ। ਪਰ ਕਈ ਸਜਣ ਸਾਨੂੰ 'ਰਾਗਮਾਲਾ' ਦੇ ਪੜ੍ਹਨ ਜਾਂ ਨਾ ਪੜ੍ਹਨ ਬਾਰੇ ਕਈ ਸੁਆਲ ਪੁਛਦੇ ਹਨ, ਉਨ੍ਹਾਂ ਨੂੰ "**ਰਾਗਮਾਲਾ ਬਾਰੇ ਵਿਚਾਰ**" ਟ੍ਰੈਕਟ ਪੜ੍ਹਨ ਦੀ ਸਿਫ਼ਾਰਸ ਕਰਦੇ ਹਾਂ, ਜਿਸ ਵਿਚ ਭਾ: ਸਾ: ਭਾਈ ਰਣਧੀਰ ਸਿੰਘ ਜੀ ਤੋਂ ਇਲਾਵਾ ਉਘੇ ਪੰਥ-ਸੇਵਕਾਂ ਤੇ ਵਿਦਵਾਨਾਂ ਦੇ ਲੇਖ ਹਨ। ਇਸ ਤੋਂ ਪਹਿਲਾਂ ਅਸੀਂ ਪਾਠਕਾਂ ਨੂੰ ਸ: ਸ਼ਮਸ਼ੇਰ ਸਿੰਘ ਜੀ ਅਸ਼ੋਕ ਰੀਸਰਚ ਸਕਾਲਰ ਦੀ ਪੁਸਤਕ "ਰਾਗ ਮਾਲਾ ਨਿਰਣਯ" ਪੜ੍ਹ ਲੈਣ ਲਈ ਬੇਨਤੀ ਕਰ ਦਿੰਦੇ ਸਾਂ।


www.AKJ.Org

## ਕਾਹਨੂੰ ਭਟਕੇਂ ?

—ਗਿ: ਕਰਮ ਸਿੰਘ ਜੀ ਭੰਡਾਰੀ, ਬਰਨਾਲਾ

ਕਾਹਨੂੰ ਭਟਕੇਂ, ਲਟ-ਛਟ ਅਟਕੇਂ, ਜੇਕਰ ਜੋਤ ਨਿਹਾਰੇਂ ।
ਜੀਂਵਦਿਆਂ ਲਏਂ ਜੀਵਨ-ਪਦ ਪਾ, ਜਨਮ ਨਾ ਜੂਏ ਹਾਰੇਂ ।
ਧੋਖਾ, ਮੱਕਰ, ਫ਼ਰੇਬਾਂ ਬਦਲੇ, ਬਣਦਾ ਕੱਬਾ ਲੂੰਬੜ ।
ਸੱਪ ਬਣੇ ਤੇ ਮਿਟੀ ਫਕੇ, ਕ੍ਰਿਹੜਾ ਬੰਦਾ ਸੂੰਮੜ ।
ਜਿਹੜਾ ਚਲਦੀ ਵਿਚ ਚਲਾਵੇ, ਚੀਰ ਫਾੜ ਜਿਉਂ ਦਰਿੰਦਾ ।
ਨੋਟਿਸ ਲਾ ਕੇ ਡਾਕੇ ਮਾਰੇ, ਢਾਹ ਕੇ ਮੁਖੋਂ ਨਿੰਦਾ ।
ਇਹ ਤਾਂ ਬਿਰਤੀ ਵਣ-ਪਸੂ ਦੀ, ਤੂੰ ਕਿਉਂ ਬੰਦੇ ਪਕੜੀ ?
ਗਏ ਗੁਆਚੇ ਗੌਰਵ ਨੂੰ ਹੁਣ, ਕੀ ਤੂੰ ਗਿੱਚੀ ਜਕੜੀ ?

## ਕੈਨੇਡਾ ਵਿਚ ਪਹਿਲਾ ਖਾਲਸਾ ਸਕੂਲ

ਕੈਨੇਡਾ ਦੇ ਦੂਸਰੇ ਸਕੂਲਾਂ ਵਿਚ ਸਿਖੀ ਤੋਂ ਦੂਰ ਜਾ ਰਹੇ ਸਿਖ ਬੱਚਿਆਂ ਨੂੰ, ਸਿਖੀ ਸਰੂਪ ਵਿਚ ਕਾਇਮ ਰਖਣ ਲਈ "ਸਤਨਾਮ ਟਰੱਸਟ ਵੈਨਕੂਵਰ" ਵਲੋਂ ਕਈ ਸਾਲਾਂ ਤੋਂ ਉਪਰਾਲੇ ਜਾਰੀ ਹਨ। ਖੁਸ਼ੀ ਦੀ ਗੱਲ ਹੈ ਕਿ ਸਿਖ ਪਨੀਰੀ ਦੀ ਸੰਭਾਲ ਵਾਸਤੇ ਖਾਲਸਾ ਸਕੂਲ ਦੀ ਇਮਾਰਤ ਲਈ ਰਿਚਮੰਡ ਵੈਨਕੂਵਰ ਵਿਖੇ ਜ਼ਮੀਨ ਖਰੀਦੀ ਜਾ ਚੁਕੀ ਹੈ ਅਤੇ 6010—ਫ਼ਰੇਜ਼ਰ ਸਟਰੀਟ, ਵੈਨਕੂਵਰ ਵਿਚ ਇਕ ਇਮਾਰਤ ਲੀਜ਼ ਤੇ ਲੈ ਲਈ ਗਈ ਹੈ, ਜਿਥੇ ਸਤੰਬਰ 1986 ਤੋਂ ਪੰਜਵੀਂ ਜਮਾਤ ਤਕ ਕਲਾਸਾਂ ਸ਼ੁਰੂ ਕੀਤੀਆਂ ਜਾਣੀਆਂ ਹਨ ।

ਭਾਵੇਂ ਇਸ ਸਕੂਲ ਦੀ ਵਿਦਿਆ ਦਾ ਪੱਧਰ ਬਿਲਕੁਲ ਬੀ. ਸੀ. ਦੇ ਸਕੂਲਾਂ ਅਨੁਸਾਰ ਹੋਵੇਗਾ, ਪਰ ਨਾਲ ਹੀ ਬੱਚਿਆਂ ਨੂੰ ਪੰਜਾਬੀ ਅਤੇ ਧਾਰਮਿਕ ਵਿਦਿਆ ਦੇਣ ਲਈ ਉਚੇਚਾ ਪਰਬੰਧ ਕੀਤਾ ਜਾ ਰਿਹਾ ਹੈ, ਜਿਸ ਨਾਲ ਸਿੱਖ ਪੰਥ ਦੀ ਚੜ੍ਹਦੀ ਕਲਾ ਲਈ, ਗੁਰਸਿਖੀ ਜੀਵਨ ਵਾਲੀ ਤੇ ਵਿਦਿਅਕ ਖੇਤਰ ਵਿਚ ਕੌਮ ਦਾ ਨਾਂ ਰੌਸ਼ਨ ਕਰਨ ਵਾਲੀ ਪਨੀਰੀ ਤਿਆਰ ਕਰਨ ਲਈ ਜਤਨ ਹੋਣਗੇ ।

ਸਤਿਗੁਰੂ ਸਮੂਹ ਸੇਵਕਾਂ ਨੂੰ ਗਰੀਬੀ ਤੇ ਨਿਮਰਤਾ ਭਾਵ ਵਿਚ ਰਖ ਕੇ ਸਹੀ ਅਰਥਾਂ ਵਿਚ ਗੁਰਸਿਖੀ ਪਰਫੁਲਤ ਕਰਨ ਦੇ ਚਾਉ ਉਮਾਉ ਵਿਚ ਸੇਵਾ ਕਰਨ ਦਾ ਬਲ ਬਖਸ਼ਣ ।

## ਸ: ਸ਼ਮਸ਼ੇਰ ਸਿੰਘ ਜੀ ਅਸ਼ੋਕ ਚਲ ਬਸੇ

ਸਿਖ ਇਤਿਹਾਸ ਦੇ ਖੋਜੀ ਸ: ਸ਼ਮਸ਼ੇਰ ਸਿੰਘ ਜੀ ਅਸ਼ੋਕ ਲੰਮੀ ਆਯੂ ਭੋਗ ਕੇ ਗੁਰੂ ਨੂੰ ਪਿਆਰੇ ਹੋ ਗਏ ਹਨ। ਪੰਜਾਬ ਦੇ ਬਟਵਾਰੇ ਤੋਂ ਪਹਿਲਾਂ ਆਪ ਨੇ ਸਿਖ ਨੈਸ਼ਨਲ ਕਾਲਜ ਲਾਹੌਰ ਵਿਚ ਸੇਵਾ ਕਰਦਿਆਂ ਹੋਇਆਂ ਇਤਿਹਾਸ ਦੀ ਖੋਜ ਜਾਰੀ ਰਖੀ ਹੈ। ਇਸ ਤੋਂ ਪਹਿਲਾਂ ਆਪ ਭਾਈ ਕਾਨ੍ਹ ਸਿੰਘ ਜੀ ਨਾਭਾ ਵਲੋਂ ਤਿਆਰ ਕੀਤੇ ਜਾ ਰਹੇ 'ਮਹਾਨ ਕੋਸ਼' ਵਿਚ ਵੀ, ਉਨ੍ਹਾਂ ਦੇ ਸਹਾਇਕ ਰਹੇ ਹਨ। ਬਟਵਾਰੇ ਪਿਛੋਂ ਆਪ ਕਾਫ਼ੀ ਸਮਾਂ ਭਾਸ਼ਾ ਵਿਭਾਗ ਪਟਿਆਲਾ ਵਿਚ ਕੰਮ ਕਰਦੇ ਰਹੇ ਹਨ ਅਤੇ ਇਤਿਹਾਸਕ ਸਮਿਗਰੀ ਬਾਰੇ ਕਈ ਪੁਸਤਕਾਂ ਮਹਿਕਮੇ ਨੂੰ ਤਿਆਰ ਕਰ ਕੇ ਦਿਤੀਆਂ। ਪਿਛਲੀ ਉਮਰੇ ਆਪ ਸ਼੍ਰੋਮਣੀ ਕਮੇਟੀ ਦੇ ਇਤਿਹਾਸਕ ਰੀਸਰਚ ਬੋਰਡ ਦੇ ਇੰਚਾਰਜ ਦੇ ਤੌਰ ਤੇ ਸੇਵਾ ਨਿਭਾਂਦੇ ਰਹੇ। ਇਥੋਂ ਰੀਟਾਇਰ ਹੋ ਕੇ ਆਪਣੇ ਪਿੰਡ ਗੁਆਰਾ ਜ਼ਿਲਾ ਸੰਗਰੂਰ ਵਿਚ ਜਾ ਟਿਕੇ। ਸਾਲ ਡੇਢ ਸਾਲ ਪਹਿਲਾਂ ਆਪ ਨੇ ਆਪਣਾ ਬਹੁ-ਮੁਲਾ ਇਤਿਹਾਸਕ ਖ਼ਜ਼ਾਨਾ ਪੰਜਾਬੀ ਯੂਨੀਵਰਸਿਟੀ ਪਟਿਆਲਾ ਲਾਇਬ੍ਰੇਰੀ ਨੂੰ ਸੌਂਪ ਦਿਤਾ ਹੈ। ਇਸ ਕੌਮੀ ਘਾਟੇ ਨੂੰ ਪੂਰਾ ਕਰਨ ਲਈ ਸਤਿਗੁਰੂ ਜੀ ਸਾਡੇ ਸਿਖ ਨੌਜਵਾਨਾਂ ਨੂੰ ਆਪਣੇ ਇਤਿਹਾਸ ਨੂੰ ਨਿਤਾਰ ਕੇ ਪੇਸ਼ ਕਰਨ ਲਈ ਉਤਸ਼ਾਹ ਬਖ਼ਸ਼ਣ ਤਾਕਿ ਅਸੀਂ ਆਪਣੇ ਸਹੀ ਇਤਿਹਾਸ ਤੋਂ ਜਾਣੂ ਹੋ ਕੇ, ਆਪਣੇ ਆਪ ਨੂੰ ਭਾਗ-ਸ਼ੀਲ ਬਣਾ ਸਕੀਏ ।

ਅਰਦਾਸ ਹੈ, ਸਤਿਗੁਰੂ ਵਿਛੜੀ ਰੂਹ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ।



www.AKJ.Org

ਬਾਲ-ਕਿਆਰੀ–

# ਉਚਰਹੁ ਰਾਮ ਨਾਮੁ ਲਖ ਬਾਰੀ

[ਬੀਬੀ ਸਤਨਾਮ ਕੌਰ ਜੀ, ਬੰਬਈ]

ਉਚਰਹੁ ਦਾ ਅਰਥ ਹੈ–ਬੋਲੋ।

ਰਾਮ ਦਾ ਅਰਥ ਹੈ ਉਹ ਵਾਹਿਗੁਰੂ ਜੋ ਸਭ ਥਾਂ ਰਮਿਆ ਹੋਇਆ ਹੈ।

ਨਾਮ ਦਾ ਮਤਲਬ ਤਾਂ ਸਿੱਧਾ ਹੀ ਹੈ–ਮੇਰਾ ਨਾਮ, ਤੇਰਾ ਨਾਮ ਯਾ ਕਿਸੇ ਦਾ ਵੀ ਨਾਮ। ਗੁਰਬਾਣੀ ਵਿਚ ਨਾਮ ਦਾ ਮਤਲਬ ਹੈ ਪ੍ਰਮੇਸ਼ਰ ਦਾ ਨਾਮ। ਲਖ ਬਾਰੀ ਦਾ ਅਰਥ ਹੈ–ਗਿਣਤੀ ਕਰਨਾ।

"ਉਚਰਹੁ ਰਾਮ ਨਾਮੁ ਲਖ ਬਾਰੀ" ਭਾਵ ਵਾਹਿਗੁਰੂ ਦਾ ਨਾਮ ਲਖ ਵਾਰੀ ਬੋਲੋ।

ਇਹ ਪੰਗਤੀ ਪੜ੍ਹ ਕੇ ਕਬੀਰ ਜੀ ਦੀ ਇਕ ਪਰਚਲਤ ਕੀਤੀ ਗਈ ਕਹਾਣੀ ਯਾਦ ਆਉਂਦੀ ਹੈ–

ਇਕ ਵਾਰੀ ਇਕ ਕੋਹੜੀ ਕਬੀਰ ਜੀ ਦੇ ਘਰ ਗਿਆ। ਕਬੀਰ ਜੀ ਤਾਂ ਘਰ ਨਹੀਂ ਸਨ। ਮਾਤਾ ਲੋਈ ਜੀ ਨੇ ਪੁਛਿਆ, "ਭਾਈ, ਤੈਨੂੰ ਕਬੀਰ ਜੀ ਨਾਲ ਕੀ ਕੰਮ ਹੈ?"

ਉਸ ਕੋਹੜੀ ਨੇ ਆਖਿਆ, "ਮਾਤਾ ਜੀ–ਮੈਂ ਸੁਣਿਆ ਹੈ ਕਿ ਕਬੀਰ ਜੀ ਮੇਰਾ ਕੋਹੜ ਦੂਰ ਕਰ ਸਕਦੇ ਹਨ। ਮੈਂ ਬੜੀ ਮੁਸ਼ਕਲ ਨਾਲ ਗਿੱਟੇ ਰਗੜ ਰਗੜ ਕੇ ਇਥੇ ਪਹੁੰਚਾ ਹਾਂ–ਅਗੋਂ ਮੇਰੇ ਖੋਟੇ ਭਾਗ ਜੋ ਮੈਨੂੰ ਕਬੀਰ ਜੀ ਨਹੀਂ ਮਿਲੇ।"

ਉਸ ਕੋਹੜੀ ਦੀ ਭਿਆਨਕ ਦਸ਼ਾ ਵੇਖ ਕੇ ਮਾਤਾ ਜੀ ਨੂੰ ਦਇਆ ਆ ਗਈ ਤੇ ਉਸ ਨੂੰ ਬੜੇ ਪਿਆਰ ਨਾਲ ਬਿਠਾਇਆ, ਸਾਫ਼ ਜਲ ਲਿਆਂਦਾ ਤੇ ਉਸ ਕੋਹੜੀ ਤੇ ਛੱਟੇ ਮਾਰੇ ਤੇ ਨਾਲ ਹੀ ਉਸ ਨੂੰ ਆਖਿਆ–

ਭਾਈ ਬੋਲ ਰਾਮ, ਫਿਰ ਬੋਲ ਰਾਮ,
ਇਕ ਵਾਰੀ ਫ਼ਿਰ ਬੋਲ ਰਾਮ।

ਬੜੀ ਹੈਰਾਨੀ ਦੀ ਗੱਲ ਕਿ ਉਸ ਕੋਹੜੀ ਨੇ ਤਿੰਨ ਵਾਰੀ ਰਾਮ ਆਖਿਆ ਤੇ ਉਸਦਾ ਕੋਹੜ ਦੂਰ ਹੋ ਗਿਆ।

ਹੁਣ ਮਨ ਵਿਚ ਡੂੰਘੀ ਸੋਚ ਪੈਦਾ ਹੁੰਦੀ ਹੈ ਕਿ ਸਚਮੁਚ ਰਾਮ ਦੇ ਨਾਮ ਵਿਚ ਇਤਨੀ ਤਾਕਤ ਹੈ? ਜੇਕਰ ਤਿੰਨ ਵਾਰੀ ਰਾਮ ਬੋਲਣ ਨਾਲ ਕੋਹੜ ਦੂਰ ਹੋ ਸਕਦਾ ਹੈ ਤਾਂ ਸਤਿਗੁਰੂ ਜੀ ਦੀ ਇਸ ਪੰਕਤੀ "ਉਚਰਹੁ ਰਾਮ ਨਾਮੁ ਲਖ ਬਾਰੀ" ਦਾ ਕੀ ਮਤਲਬ ਹੋ ਸਕਦਾ ਹੈ?

"ਲਖ ਬਾਰੀ" ਕੋਈ ਕਿਸ ਤਰ੍ਹਾਂ ਰਾਮ ਬੋਲ ਸਕਦਾ ਹੈ? ਕੰਪਿਊਟਰ ਤੋਂ ਬਿਨਾਂ ਇਤਨੀ ਵਡੀ ਗਿਣਤੀ ਕਰਨਾ ਅਸੰਭਵ ਹੈ। ਹੁਣ ਸਾਨੂੰ ਪਹਿਲਾਂ "ਲਖ ਬਾਰੀ" ਦਾ ਭਾਵ ਚੰਗੀ ਤਰ੍ਹਾਂ ਸਮਝ ਲੈਣਾ ਚਾਹੀਦਾ ਹੈ। ਇਥੇ ਤੁਕਾਂ ਹਨ–

ਉਚਰਹੁ ਰਾਮ ਨਾਮੁ ਲਖ ਬਾਰੀ ॥
ਅੰਮ੍ਰਿਤ ਰਸ ਪੀਵਹੁ ਪ੍ਰਭ ਪਿਆਰੀ ॥ (੧੯੪)

'ਪਿਆਰੀ' ਲਫ਼ਜ਼ ਜਿਹਬਾ ਵਾਸਤੇ ਹੈ। ਜਿਹਬਾ ਨੂੰ ਪਿਆਰ ਨਾਲ ਕਿਹਾ ਹੈ ਕਿ ਪ੍ਰਭੂ ਦੇ ਵਾਹਿਗੁਰੂ ਨਾਮ ਨੂੰ ਲਗਾਤਾਰ ਜਪੀ ਜਾਹ ਅਤੇ ਉਸ ਦੇ ਅੰਮ੍ਰਿਤ ਰਸ ਨੂੰ ਪੀ ਪੀ ਕੇ ਸੁਆਦ ਚਖ।

ਪਹਿਲਾਂ ਜਿਹਬਾ ਦੇ ਨਾਲ ਵਾਹਿਗੁਰੂ (ਪ੍ਰਮੇਸ਼ਰ) ਦਾ ਨਾਮ ਬੋਲੀਦਾ ਹੈ, ਜਿਸਨੂੰ ਜਪ ਕਰਨਾ ਆਖੀਦਾ ਹੈ।

ਜਪ ਕਰਦਿਆਂ ਕਰਦਿਆਂ ਜਦ ਨਾਮ ਮਨ ਵਿਚ ਵਸ ਜਾਂਦਾ ਹੈ, ਯਾ ਨਾਮ ਕਦੇ ਭੁਲਦਾ ਨਹੀਂ, ਯਾ ਨਾਮ ਹਰ ਦਮ ਯਾਦ ਰਹਿੰਦਾ ਹੈ ਉਸਨੂੰ ਸਿਮਰਨ ਕਰਨਾ ਕਹੀਦਾ ਹੈ। ਗੁਰਬਾਣੀ ਵਿਚ ਆਉਂਦਾ ਹੈ–

"ਊਠਤ ਬੈਠਤ ਸੋਵਤ ਨਾਮ॥"......
ਬੋਲਹੁ ਜਸੁ ਜਿਹਬਾ ਦਿਨੁ ਰਾਤਿ॥
(ਸੁਖਮਨੀ, ਅਸਟਪਦੀ ੧੭)

ਇਹ ਸਿਮਰਨ ਫਿਰ ਰੋਮ ਰੋਮ ਵਿਚ ਚਲਣ ਲਗ ਪੈਂਦਾ ਹੈ–

"ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ" ॥੨੭॥ (੯੪੧)

ਸਾਡੇ ਸਰੀਰ ਵਿਚ ਲੱਖਾਂ ਹੀ ਰੋਮ ਹਨ। ਰੋਮ ਰੋਮ ਵਿਚ ਚਲ ਰਹੇ ਸਿਮਰਨ ਦੀ ਅਵਸਥਾ ਵਿਚ, ਰਸਨਾ ਨਾਲ ਇਕ ਵਾਰੀ ਵਾਹਿਗੁਰੂ ਆਖਿਆਂ ਸਰੀਰ ਦੇ ਲਖਾਂ ਰੋਮਾਂ ਵਿਚ ਉਸਦੀ ਝਨਕਾਰ ਪੈਦਾ ਹੋ ਜਾਂਦੀ ਹੈ। ਇਸ ਤਰ੍ਹਾਂ ਲਖ ਵਾਰੀ ਰਾਮ ਬੋਲਿਆ ਜਾਂਦਾ ਹੈ। ਇਸੇ ਹੀ ਅਵਸਥਾ ਨੂੰ ਸਤਿਗੁਰੂ ਜੀ ਨੇ ਆਖਿਆ ਹੈ–

ਉਚਰਹੁ ਰਾਮ ਨਾਮੁ ਲਖ ਬਾਰੀ॥

ਇਹ ਜੋ ਰੋਮ ਰੋਮ ਵਿਚ ਨਾਮ ਹੈ, ਇਸੇ ਤਰ੍ਹਾਂ ਹੀ ਲਖ ਵਾਰੀ ਜਪਣਾ ਹੈ।



www.AKJ.Org

## ਅਖੰਡ ਕੀਰਤਨੀ ਜਥਾ ਯੂ.ਕੇ. ਵਲੋਂ ਰੈਣ ਸਬਾਈ, ਅੰਮ੍ਰਿਤ-ਸਿੰਚਾਰ ਤੇ ਅਖੰਡਪਾਠ

ਭਾਈ ਰਾਜਿੰਦਰ ਸਿੰਘ ਜੀ ਡਡਲੀ ਤੋਂ ਸੂਚਤ ਕਰਦੇ ਹਨ ਕਿ—

(੧) ਰੈਣ ਸਬਾਈ ਕੀਰਤਨ ਤੇ ਅੰਮ੍ਰਿਤ ਸਿੰਚਾਰ 23 ਅਗਸਤ ਸ਼ਨੀਵਾਰ ਰਾਤ ਨੂੰ
ਸ੍ਰੀ ਗੁਰੂ ਸਿੰਘ ਸਭਾ ਗੁਰਦਵਾਰਾ, ਹੈਵਲਾਕ ਰੋਡ, ਸਾਊਥਹਾਲ (ਲੰਡਨ) ਫ਼ੋਨ 01-574-8476
ਪੁਛ ਗਿਛ—ਭਾਈ ਸਤਨਾਮ ਸਿੰਘ ਜੀ, ਫ਼ੋਨ 01-574-4407

(੨) ਸ੍ਰੀ ਅਖੰਡਪਾਠ ਸਾਹਿਬ ਤੇ ਕੀਰਤਨ 29 ਤੋਂ 31 ਅਗਸਤ
ਗੁਰੂ ਨਾਨਕ ਗੁਰਦਵਾਰਾ, ਵੈਸਟ ਬ੍ਰਹਿਮਵਿਚ ਸਟਰੀਟ, ਵਾਲਸਾਲ (ਵੈਸਟ ਮਿਡਲੈਂਡਜ਼) ਫ਼ੋਨ 0922-22199
ਪੁਛ ਗਿਛ—ਭਾਈ ਨਰਿੰਦਰ ਸਿੰਘ ਜੀ, ਫ਼ੋਨ 0922-6 ;4699

---

# ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ

ਪੀੜਤ ਪਰਵਾਰਾਂ ਲਈ ਸਿਖ ਸੰਗਤਾਂ ਵਲੋਂ ਇਸ ਮਹੀਨੇ ਹੇਠ ਲਿਖੇ ਅਨੁਸਾਰ ਸਹਾਇਤਾ ਪੁਜੀ ਹੈ :—

| | | | |
|---|---|---|---|
| ਸ: ਜਸਵੰਤ ਸਿੰਘ ਗੰਭੀਰ ਅੰਮ੍ਰਿਤਸਰ (ਚੜ੍ਹਾਵਾ) | ੧੦੩-੩੫ | ਸ: ਸਤਨਾਮ ਸਿੰਘ Kuln (W.Germany) | ੧੫੭੫-੦੦ |
| ਸੰਗਤਾਂ ਯੂ.ਕੇ. C/O ਭਾ: ਕੇਹਰ ਸਿੰਘ ਬਰਮਿੰਘਮ | ੯੩੫੦-੦੦ | ਸ: ਅਮਰੀਕ ਸਿੰਘ Ibri (U.A.E.) | ੨੯-੦੦ |
| ਗੁਰੂ ਨਾਨਕ ਗੁਰਦੁਆਰਾ ਵੈਸਟ ਬ੍ਰਹਿਮਵਿਚ ਯੂ.ਕੇ. | ੧੩੪੬-੪੦ | ਇਕ ਪ੍ਰੇਮੀ ਸਿੰਘ | ੧੦੦-੦੦ |
| ਬੀਬੀ ਅਮਰਜੀਤ ਕੌਰ ,, ,, | ੭੪੮-੦੦ | ਭਾ: ਸੋਹਣ ਸਿੰਘ ਬੀ-ਬਲਾਕ ਅੰਮ੍ਰਿਤਸਰ ਦੇ ਭੋਗ ਸਮੇਂ | ੨੫੦-੦੦ |
| ਭਾਈ ਮਦਨ ਸਿੰਘ ਬਰਮਿੰਘਮ (ਚੜ੍ਹਾਵਾ ਅਖੰਡਪਾਠ) | ੧੫੧੪-੭੦ | ਸ: ਸੁਰਿੰਦਰ ਸਿੰਘ S/O ਸ: ਸਤਨਾਮ ਸਿੰਘ ਫੁਲਾਂਵਾਲ | ੧੦੦-੦੦ |
| ਸੰਗਤ Leyton, London ਯੂ.ਕੇ. | ੭੪੮-੦੦ | ਸ: ਮਨਮੋਹਨ ਸਿੰਘ, ਲਾਸ ਏਂਜਲ ਯੂ.ਐਸ.ਏ. | ੫੦੦-੦੦ |
| ਭਾਈ ਜਰਨੈਲ ਸਿੰਘ ਧਾਰੀਵਾਲ, ਕਵੈਂਟਰੀ ਯੂ.ਕੇ. | ੩੯੨-੭੦ | ਸ: ਪਰਮਜੀਤ ਸਿੰਘ, ਵੈਨਕੋਵਰ ਯੂ.ਐਸ.ਏ. | ੨੫੧-੦੦ |
| ਇਕ ਬੀਬੀ ਜੀ, ਗ੍ਰੇਵਜ਼ੈਂਡ ਯੂ.ਕੇ. | ੨੦੫-੭੦ | ਸੰਗਤ ਪਟਨਾ ਸਾਹਿਬ C/O ਭਾ: ਫੌਜਿੰਦਰ ਸਿੰਘ | ੯੦੦-੦੦ |
| ਸੰਗਤ ਗ੍ਰੇਵਜ਼ੈਂਡ C/O ਭਾ: ਗੁਰਦੀਪ ਸਿੰਘ | ੫੨੩-੬੦ | ਗੁਪਤ, ਮੇਰਠ ਸਿਟੀ | ੫੦੦-੦੦ |

## ਪੀੜਤ ਪਰਵਾਰਾਂ ਨੂੰ ਸਹਾਇਤਾ

ਅਖੰਡ ਕੀਰਤਨੀ ਜਥੇ ਦੇ ਅਤੇ ਹੋਰ ਪੀੜਤ ਪਰਵਾਰਾਂ ਨੂੰ ਲੋੜ ਅਨੁਸਾਰ ਦਿਤੀ ਗਈ ਸਹਾਇਤਾ—

| | |
|---|---|
| ਬੀਬੀ ਜਸਵੰਤ ਕੌਰ ਸੁਪਤਨੀ ਭਾਈ ਜੋਗਿੰਦਰ ਸਿੰਘ, ਪਿੰਡ ਅਖਾੜਾ (ਲੁਧਿਆਣਾ) ਨੂੰ ਮਾਸਿਕ ਸਹਾਇਤਾ | ੩੦੦-੦੦ |
| ਸ੍ਰੀਮਤੀ ਅੰਮ੍ਰਿਤ ਕੌਰ ਸੁਪਤਨੀ ਸ਼ਹੀਦ ਸ: ਹਰਮਿੰਦਰ ਸਿੰਘ ਸ਼ਮੀ, ਅੰਮ੍ਰਿਤਸਰ | ੫੦੦੦-੦੦ |
| ਮਾਤਾ ਪ੍ਰੀਤਮ ਕੌਰ ਪਧਰੀ | ੩੦੦੦-੦੦ |

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫਤਰ ਅੰਮ੍ਰਿਤਸਰ

---

**ਪਰਦੇਸਾਂ ਦੇ ਚੰਦੇ**— ਸਾਰੇ ਪਰਦੇਸਾਂ ਵਿਚ ਵਸਦੇ ਪਾਠਕਾਂ ਪਾਸ ਬੇਨਤੀ ਹੈ ਕਿ ਪਹਿਲੀ ਜੂਨ ੧੯੮੬ ਤੋਂ ਸਾਰੇ ਦੇਸਾਂ ਲਈ ਡਾਕ ਖ਼ਰਚ ਯਕਲਖ਼ਤ ਵਧ ਗਏ ਹਨ। ਅਰਬ ਮੁਲਕਾਂ ਤੋਂ ਲੈ ਕੇ ਅਮਰੀਕਾ ਤਕ ਸਾਰੇ ਦੇਸਾਂ ਦੇ ਰੇਟ ਵਧਾ ਕੇ ਇਕੋ ਜਿਹੇ ਕਰ ਦਿਤੇ ਗਏ ਹਨ। ਮਜਬੂਰੀ ਕਾਰਨ ਹੁਣ ਸਾਰੇ ਦੇਸਾਂ ਦੇ ਚੰਦੇ ਹੇਠ ਲਿਖੇ ਅਨੁਸਾਰ ਵਧਾਏ ਗਏ ਹਨ। ਪਾਠਕ, ਖ਼ਾਸ ਕਰਕੇ ਅਮਾਨਤੀ ਲਾਈਫ਼ ਮੈਂਬਰ ਆਪਣੇ ਬਕਾਏ ਨਵੇਂ ਰੇਟਾਂ ਅਨੁਸਾਰ ਛੇਤੀ ਭੇਜ ਦੇਣ, ਤਾਕਿ 'ਸੂਰਾ' ਪੱਤਰ ਦੇ ਡਾਕ ਖਰਚੇ ਪੂਰੇ ਕੀਤੇ ਜਾ ਸਕਣ।

| | | |
|---|---|---|
| ਸਾਲਾਨਾ ਚੰਦਾ (ਸਾਰੇ ਦੇਸ) | ਸਮੁੰਦਰੀ ਡਾਕ ੪੦-੦੦ | ਹਵਾਈ ਡਾਕ ੧ ੦-੦੦ |
| ਅਮਾਨਤੀ ਲਾਈਫ਼ ਮੈਂਬਰ (ਸਾਰੇ ਦੇਸ) | ਸਮੁੰਦਰੀ ਡਾਕ ੪੦੦-੦੦ | ਹਵਾਈ ਡਾਕ ੧੦੦੦-੦੦ |

## ਇੰਗਲੈਂਡ ਦੇ ਚੰਦੇ ਤੇ ਬਕਾਏ ਯੂ. ਕੇ. ਵਿਚ ਜਮ੍ਹਾ ਕਰਾਓ ਜੀ

ਇੰਗਲੈਂਡ ਵਿਚ ਜਿਨ੍ਹਾਂ ਪਾਠਕਾਂ ਨੂੰ ਚੰਦੇ ਖ਼ਤਮ ਹੋਣ ਦੀ ਇਤਲਾਹ ਮਿਲ ਗਈ ਹੈ ਉਹ ਆਪਣੇ ਚੰਦੇ ਯੂ. ਕੇ. ਵਿਚ ਜਮ੍ਹਾ ਕਰਵਾਣ ਅਤੇ ਅਮਾਨਤੀ ਲਾਈਫ਼ ਮੈਂਬਰ ਵੀ ਆਪਣੇ ਬਕਾਏ ਹੇਠ ਲਿਖੇ ਪਤੇ ਤੇ ਜਮ੍ਹਾ ਕਰਾਉਣ—

S. Gurnam Singh, 10-Lambourne Grad:, Early, Reading, Berks, U. K.

www.AKJ.Org

## ਪ੍ਰਕਾਸ਼ ਉਤਸ਼ਵ ਸ੍ਰੀ ਗੁਰੂ ਗ੍ਰੰਥ ਸਾਹਿਬ ਚੰਡੀਗੜ੍ਹ ਵਿਖੇ

ਪਿਛਲੇ ਸਾਲਾਂ ਵਾਂਗ ਇਸ ਸਾਲ ਵੀ ਇਹ ਮਹਾਨ ਉਤਸ਼ਵ ਚੰਡੀਗੜ੍ਹ ਵਿਖੇ ਗੁਰਬਾਣੀ ਦੇ ਅਖੰਡ ਕੀਰਤਨ ਦੀਆਂ ਗੂੰਜਾਂ ਰਾਹੀਂ ਹੇਠ ਲਿਖੇ ਅਨੁਸਾਰ ਮਨਾਇਆ ਜਾ ਰਿਹਾ ਹੈ—

4-9-8 ਸਵੇਰੇ 3 ਤੋਂ 6 ਕੀਰਤਨ, ਉਪਰੰਤ ਅਰੰਭ ਸ੍ਰੀ ਅਖੰਡਪਾਠ ਸ਼ਾਮ 6 ਤੋਂ 8-30 ਸੋਦਰ ਦੀ ਚੌਕੀ

5-9-86 ਸਵੇਰੇ 5 ਤੋਂ 10 ਕੀਰਤਨ ਆਸਾ ਦੀ ਵਾਰ ਸ਼ਾਮ 6 ਤੋਂ 8-30 ਸੋਦਰ ਦੀ ਚੌਕੀ

6-9-86 ਸਵੇਰੇ 5 ਵਜੇ ਭੋਗ ਸ੍ਰੀ ਅਖੰਡਪਾਠ ਉਪਰੰਤ ਦੁਪਹਿਰ ਤਕ ਕੀਰਤਨ, ਸ਼ਾਮ 6 ਵਜੇ ਅੰਮ੍ਰਿਤ ਸਿੰਚਾਰ ਅਰੰਭ ਰਾਤ 7 ਵਜੇ ਰੈਣ ਸਬਾਈ ਕੀਰਤਨ, 7 ਸਤੰਬਰ ਐਤਵਾਰ ਸਵੇਰੇ 8 ਵਜੇ ਸਮਾਪਤੀ।

ਕੀਰਤਨ ਅਸਥਾਨ ਤੇ ਰਿਹਾਇਸ਼—ਗੁ: ਸ੍ਰੀ ਗੁਰੂ ਸਿੰਘ ਸਭਾ, ਸੈਕਟਰ 19-ਡੀ (ਬਸ ਸਟੈਂਡ ਤੋਂ ਬਾਹਰ ਇਕ ਫ਼ਰਲਾਂਗ) ਨੀਲਮ ਸਿਨੇਮਾ ਤੋਂ ਗੁਰਦੁਆਰਾ ਸਾਹਿਬ ਲਈ ਲੋਕਲ ਬਸ ਨੰਬਰ 9-ਸੀ ਅਤੇ ਨੰਬਰ 14 ਲਵੋ ਜੀ।

ਦਾਸਰੇ—ਅਖੰਡ ਕੀਰਤਨੀ ਜਥਾ, ਚੰਡੀਗੜ੍ਹ-ਮੋਹਾਲੀ

**ਬਟਾਲਾ ਦਾ ਸਾਲਾਨਾ ਸਮਾਗਮ 8 ਤੋਂ 11 ਸਤੰਬਰ—ਵੇਰਵਾ ਆਉਂਦੇ ਪਰਚੇ ਵਿਚ**

**ਦਿਆਲਪੁਰ ਸਾਲਾਨਾ ਸਮਾਗਮ, 4 ਅਕਤੂਬਰ ਨੂੰ ਰੈਣ ਸਬਾਈ—ਵੇਰਵਾ ਆਉਂਦੇ ਪਰਚੇ ਵਿਚ**

**ਗੁ:ਪਾ:੬ ਪੁਲ ਪੁਖ਼ਤਾ ਨੇੜੇ ਟਾਂਡਾ ਸਾਲਾਨਾ ਸਮਾਗਮ 18 ਤੋਂ 21 ਸਤੰਬਰ—ਵੇਰਵਾ ਆਉਂਦੇ ਪਰਚੇ ਚਿ**

**ਐਤਕੀ ਅੰਬਾਲਾ ਮੰਜੀ ਸਾਹਿਬ 15 ਅਗਸਤ ਦਾ ਸਮਾਗਮ 3 ਜੁਲਾਈ ਤੋਂ 3 ਅਗਸਤ ਤਕ ਗੁਰਦੁਆਰਾ ਗੋਬਿੰਦ ਨਗਰ ਅੰਬਾਲਾ ਛਾਉਣੀ ਵਿਖੇ ਹੋ ਰਿਹਾ ਹੈ।**

## ਪਿੰਡ ਪਨਾਮ ਜ਼ਿਲਾ ਹੁਸ਼ਿਆਰਪੁਰ ਵਿਖੇ ਕੀਰਤਨ ਰੈਣ ਸਬਾਈ

ਭਾਈ ਹਰਮਹਿੰਦਰ ਸਿੰਘ ਗੋਬਿੰਦਪੁਰੀ ਸੂਚਤ ਕਰਦੇ ਹਨ ਕਿ ਗੁਰਦੁਆਰਾ ਸਾਹਿਬ ਪਨਾਮ ਵਿਖੇ 9 ਅਗਸਤ ਸ਼ਨੀਵਾਰ ਰਾਤ ਨੂੰ ਭਾਈ ਜੋਗਿੰਦਰ ਸਿੰਘ ਜੀ ਦੇ ਸਹਿਯੋਗ ਨਾਲ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਇ ਜੁੜੋ ਜੀ।

## ਦੋਰਾਹਾ ਮੰਡੀ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਵਿਖੇ ਮਾਸਕ ਰੈਣ ਸਬਾਈ ਕੀਰਤਨ

ਮਾਸਟਰ ਸਤਵੰਤ ਸਿੰਘ ਜੀ ਸੂਚਤ ਕਰਦੇ ਹਨ ਕਿ 23 ਅਗਸਤ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਵਿਚ ਪੁਜ ਕੇ ਲਾਹੇ ਲਵੋ ਜੀ।

**ਕੁਰਾਲੀ ਸਾਲਾਨਾ ਸਗਾਮ 2 ਤੋਂ 5 ਅਕਤੂਬਰ—ਵੇਰਵਾ ਆਉਂਦੇ ਪਰਚੇ ਵਿਚ**

## ਫ਼ਰੀਦਕੋਟ ਗੁ: ਸ੍ਰੀ ਗੁਰੂ ਸਿੰਘ ਸਭਾ ਵਿਖੇ ਰੈਣ ਸਬਾਈ ਕੀਰਤਨ

ਭਾਈ ਜਸਵੰਤ ਸਿੰਘ ਖਾਲਸਾ, ਮੁਖੀ ਸੇਵਾਦਾਰ ਗੁਰਦੁਆਰਾ ਸਾਹਿਬ ਬੇਨਤੀ ਕਰਦੇ ਹਨ ਕਿ 30 ਅਗਸਤ ਰਾਤ ਨੂੰ ਰੈਣ ਸਬਾਈ ਕੀਰਤਨ ਵਿਚ ਦਰਸ਼ਨ ਦੇ ਕੇ ਲਾਹੇ ਪ੍ਰਾਪਤ ਕਰੋ ਜੀ।

**ਚਡੀਗੜ੍ਹ 1470-ਸੈਕਟਰ 43-ਡੀ ਵਿਖੇ ਹਰ ਬੁਧਵਾਰ ਸ਼ਾਮ 7 ਤੋਂ 8 ਕੀਰਤਨ ਵਿਚ ਪੁਜੋ ਜੀ**

**ਗੁ: ਸਤੋਖਸਰ ਸ੍ਰੀ ਅੰਮ੍ਰਿਤਸਰ ਵਿਖੇ ਸ਼ਹੀਦਾਂ ਦੀ ਯਾਦ ਵਿਚ 23 ਅਗਸਤ ਰਾਤ ਰੈਣ ਸਬਾਈ ਕੀਰਤਨ**

'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ

www.AKJ.Org